**ਮਿਤੀ 28.5.2013 ਨੂੰ ਮਾਨਯੋਗ ਸ਼੍ਰੀ ਸੁਰਜੀਤ ਕੁਮਾਰ ਜਿਆਣੀ,ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 9ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 9ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਸੁਰਜੀਤ ਕੁਮਾਰ ਜਿਆਣੀ ਜੀ ਦੀ ਪ੍ਰਧਾਨਗੀ ਹੇਠ ਮਿਤੀ 28.5.2013 ਨੂੰ ਸਮਾਂ 1:15 ਵਜੇ (ਬ.ਦ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਨੇ ਭਾਗ ਲਿਆ:-

| | | | |
|---|---|---|---|
| 1. | ਸ਼੍ਰੀ ਹਰਕੇਸ਼ ਸਿੰਘ ਸਿੱਧੂ<br>ਆਈ.ਏ.ਐਸ<br>ਕਿਰਤ ਕਮਿਸ਼ਨਰ, ਪੰਜਾਬ | : | ਮੈਂਬਰ ਸਕੱਤਰ |
| 2. | ਸ਼੍ਰੀ ਏ.ਕੇ. ਗੋਇਲ<br>ਰੀਜਨਲ ਲੇਬਰ ਕਮਿਸ਼ਨਰ<br>ਭਾਰਤ ਸਰਕਾਰ, ਚੰਡੀਗੜ੍ਹ | : | ਮੈਂਬਰ |
| 3. | ਸ਼੍ਰੀ ਜੀ.ਐਸ.ਮੌੜ<br>ਡਿਪਟੀ ਡਾਇਰੈਕਟਰ | : | ਨੁਮਾਇੰਦਾ,<br>ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ, ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ |
| 4. | ਸ਼੍ਰੀ ਪ੍ਰਕਾਸ਼ ਸਿੰਘ<br>ਐਸ.ਈ (ਪੀ. ਆਰ.ਸੀ) | : | ਨੁਮਾਇੰਦਾ,<br>ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਚੰਡੀਗੜ੍ਹ |
| 5. | ਸ਼੍ਰੀ ਕਰਤਾਰ ਸਿੰਘ ਰਾਠੋਰ<br>ਭਾਰਤੀਯ ਮਜ਼ਦੂਰ ਸੰਘ<br>ਮਾਰਫਤ ਸਿਵਲ ਲਾਈਨਜ਼,<br>ਜੀ.ਟੀ. ਰੋਡ ਜਲੰਧਰ | : | ਮੈਂਬਰ |
| 6. | ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਕੁਲਦੀਪ ਸਿੰਘ<br>ਮੈਸ: ਬਖਸੀਸ਼ ਬਿਲਡਰਜ ਲਿ: ਕੋਠੀ ਨੰ:130<br>ਫੇਜ 3 ਬੀ-1 ਮੁਹਾਲੀ | : | ਮੈਂਬਰ |
| 7. | ਸ਼੍ਰੀਮਤੀ ਇਨੂੰ ਸਿੰਗਲਾ ਪਤਨੀ ਸ਼੍ਰੀ ਸੁਮੇਸ਼ ਸਿੰਗਲਾ,<br>ਕੋਠੀ ਨੰ:8 ਗਲੀ ਨੰ:3,<br>ਮਾਨ ਕਾਲੋਨੀ, ਸੰਗਰੂਰ | : | ਮੈਂਬਰ |

ਮੀਟਿੰਗ ਦੇ ਆਰੰਭ ਵਿਚ ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ (ਮੈਂਬਰ ਸਕੱਤਰ) ਵਲੋਂ ਇਹ ਦੱਸਦੇ ਹੋਏ ਕਿ ਉਨ੍ਹਾਂ ਨੇ ਵਿਭਾਗ ਵਿਚ ਪਿਛਲੇ ਮਹੀਨੇ ਹੀ ਜੁਆਇੰਨ ਕੀਤਾ ਹੈ, ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ "ਜੀ ਆਇਆ" ਆਖਿਆ ਅਤੇ ਉਨ੍ਹਾਂ ਵਲੋਂ ਬੋਰਡ ਦੀ ਮੀਟਿੰਗ ਬੁਲਾਉਂਣ ਲਈ ਧੰਨਵਾਦ ਕੀਤਾ ਗਿਆ। ਮੈਂਬਰ ਸਕੱਤਰ ਵਲੋਂ ਬੋਰਡ ਦੇ ਬਾਕੀ ਮੈਂਬਰ ਸਾਹਿਬਾਨ ਦਾ ਵੀ ਮੀਟਿੰਗ ਵਿਚ ਭਾਗ ਲੈਂਣ ਲਈ ਧੰਨਵਾਦ ਕੀਤਾ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਅਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1 ਬੋਰਡ ਦੀ 8ਵੀਂ ਮੀਟਿੰਗ ਮਿਤੀ 25.4.2012 ਦੀ ਕਾਰਵਾਈ ਦੀ ਪੁਸ਼ਟੀ**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਦੀ 8ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਹਿਬਾਨ ਨੂੰ ਪੱਤਰ ਨੰ: ਬਕਵਵਬ/ਮੀਟਿੰਗ/2012-13/850-862 ਮਿਤੀ 13.3.2013 ਰਾਹੀਂ ਭੇਜ ਦਿਤੀ ਗਈ

ਸੀ। ਇਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ।ਮੈਂਬਰ ਸਕੱਤਰ ਵਲੋਂ ਬੋਰਡ ਨੂੰ ਜਾਣੂ ਕਰਵਾਇਆ ਗਿਆ ਕਿ ਪ੍ਰਬੰਧਕੀ ਵਿਭਾਗ (ਕਿਰਤ ਸ਼ਾਖਾ) ਵਲੋਂ ਆਪਣੇ ਮੀਮੋ ਨੰ: 21/50/2008-1 ਕਿ/44874 ਮਿਤੀ 25.4.13 ਰਾਹੀਂ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ 1996 ਦੀ ਧਾਰਾ 24 (3) ਨੂੰ ਮੁੱਖ ਰੱਖਦੇ ਹੋਏ 7ਵੀਂ ਮੀਟਿੰਗ ਦੀ ਸਪਲੀਮੈਂਟਰੀ ਆਈਟਮ ਨੰ: 1 (ਡਿਪਟੀ ਸਕੱਤਰ ਦੀ ਆਸਾਮੀ ਭਰਨ ਬਾਰੇ); 8ਵੀਂ ਮੀਟਿੰਗ ਦੀ ਆਈਟਮ ਨੰ: 10 (ਲੇਖਾ ਅਫਸਰ ਅਤੇ ਸੁਪਰਡੰਟ ਦੀ ਤਨਖਾਹ ਵਿਚ ਵਾਧੇ ਬਾਰੇ) ਅਤੇ ਆਈਟਮ ਨੰ: 12 (ਬੋਰਡ ਵਿਚ ਇਕ ਜੂਨੀਅਰ ਆਡੀਟਰ ਅਤੇ ਕੰਪਿਊਟਰ ਪ੍ਰੋਗਰਾਮਰ ਦੀ ਆਸਾਮੀ ਦੀ ਰਚਨਾ ਬਾਰੇ) ਇਤਰਾਜ਼ ਕੀਤਾ ਗਿਆ ਹੈ। ਇਨ੍ਹਾਂ ਇਤਰਾਜ਼ਾਂ ਬਾਰੇ ਆਈਟਮ ਨੰ: 2 ਵਿਚ ਸਬੰਧਤ ਆਈਟਮਾਂ ਦੇ ਸਾਹਮਣੇ ਵਿਚਾਰ ਵਟਾਂਦਰਾ ਕਰਕੇ ਯੋਗ ਫੈਸਲੇ ਲਏ ਗਏ।

**ਆਈਟਮ ਨੰ:2** **ਬੋਰਡ ਦੀ 8ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।**

ਸਕੱਤਰ ਵਲੋਂ ਬੋਰਡ ਵਲੋਂ 8ਵੀਂ ਮੀਟਿੰਗ ਸਬੰਧੀ ਆਈਟਮ ਵਾਈਜ਼ ਲਏ ਗਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ। ਮੈਂਬਰ ਸਹਿਬਾਨ ਵਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਆਈਟਮ ਅਧੀਨ ਲਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਅਨੁਸਾਰ ਮੁੜ ਫੈਸਲੇ ਲਏ ਗਏ:

ਪੈਰਾ ਨੰ:3) **ਬੋਰਡ ਦੀਆਂ ਕਿਰਤ ਭਲਾਈ ਸਕੀਮਾਂ ਦੇ ਦੂਰਦਰਸ਼ਨ ਜਲੰਧਰ ਰਾਹੀਂ ਦਿਤੇ ਜਾ ਰਹੇ ਵਿਗਿਆਪਨ ਬਾਰੇ।**

ਸਕੱਤਰ ਵਲੋਂ ਮੈਂਬਰ ਸਾਹਿਬਾਨ ਨੂੰ ਲੋਕਲ ਕਿਰਤੀਆਂ ਦੀ ਕੈਂਪਾਂ ਰਾਹੀਂ ਰਜਿਸਟ੍ਰੇਸ਼ਨ ਬਾਰੇ ਜਾਣਕਾਰੀ ਦਿਤੀ ਗਈ। ਇਸ ਸਬੰਧ ਵਿਚ ਮਾਨਯੋਗ ਚੇਅਰਮੈਨ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਬੋਰਡ ਦੀਆਂ ਭਲਾਈ ਸਕੀਮਾਂ ਦਾ ਉਚਿਤ ਢੰਗ ਨਾਲ ਪ੍ਰਚਾਰ ਨਹੀਂ ਹੋ ਰਿਹਾ ਅਤੇ ਇਸ ਵਿਚ ਸੁਧਾਰ ਦੀ ਲੋੜ ਹੈ।ਵਿਚਾਰ ਵਟਾਂਦਰੇ ਉਪਰੰਤ ਫੈਸਲਾ ਹੋਇਆ ਕਿ ਸਾਰੀਆਂ ਭਲਾਈ ਸਕੀਮਾਂ ਬਾਰੇ ਪੰਚਾਇਤ ਘਰਾਂ, ਤਹਿਸੀਲਦਾਰ ਦੇ ਦਫਤਰ ਅਤੇ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਬਾਹਰ ਹੋਰਡਿੰਗਜ ਲਗਾਏ ਜਾਣ ਤਾਂ ਜੋ ਵੱਧ ਤੋਂ ਵੱਧ ਉਸਾਰੀ ਕਿਰਤੀ ਸਕੀਮਾਂ ਦਾ ਲਾਭ ਉਠਾ ਸਕਣ। ਕਿਰਤ ਕਮਿਸ਼ਨਰ-ਕਮ-ਸਕੱਤਰ ਬੋਰਡ ਵਲੋਂ ਵੀ ਸੁਝਾਅ ਦਿੱਤਾ ਗਿਆ ਕਿ ਅਜਿਹੇ ਹੋਰਡਿੰਗਜ ਪੀ.ਆਰ.ਟੀ.ਸੀ ਦੀਆਂ ਬੱਸਾਂ ਦੇ ਪਿਛਲੇ ਪਾਸੇ ਵੀ ਚਿਪਕਾਏ ਜਾਣੇ ਚਾਹੀਦੇ ਹਨ ਤਾਂ ਜੋ ਰੋਜ਼ਾਨਾ ਬਸਾਂ ਵਿਚ ਸਫ਼ਰ ਕਰਨ ਵਾਲੇ ਲੋਕਾਂ ਤੱਕ ਬੋਰਡ ਦੀਆਂ ਸਕੀਮਾਂ ਦੀ ਜਾਣਕਾਰੀ ਪਹੁੰਚ ਸਕੇ।

ਪੈਰਾ ਨੰ:6 **ਉਸਾਰੀ ਕਿਰਤੀਆਂ ਲਈ ਨਵੀਆਂ ਭਲਾਈ ਸਕੀਮਾਂ ਬਨਾਉਂਣ ਬਾਰੇ।**

ਸਲਾਹਕਾਰ ਵਲੋਂ ਦੱਸਿਆ ਗਿਆ ਕਿ ਉਸਾਰੀ ਕਿਰਤੀਆਂ ਲਈ "ਪੈਨਸ਼ਨ ਸਕੀਮ" ਸਬੰਧੀ ਐਲ.ਆਈ.ਸੀ. ਪਾਸੋ ਪ੍ਰਾਪਤ ਤਜਵੀਜ ਬਾਰੇ ਬੋਰਡ ਦੇ ਫੈਸਲੇ ਅਨੁਸਾਰ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦਿਤੇ ਆਦੇਸ਼ਾਂ ਅਨੁਸਾਰ ਵਿੱਤ ਵਿਭਾਗ ਦੀ ਰਾਏ ਲਈ ਮੁੜ ਕੇਸ ਭੇਜਿਆ ਹੋਇਆ ਹੈ।ਸਲਾਹਕਾਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪੈਨਸ਼ਨ ਸਕੀਮ ਤਿਆਰ ਕਰਨ ਲਈ ਪੰਜਾਬ ਨੈਸ਼ਨਲ ਬੈਂਕ ਸੈਕਟਰ-22, ਚੰਡੀਗੜ੍ਹ ਦੇ ਅਧਿਕਾਰੀਆਂ ਨਾਲ ਵੀ ਸੰਪਰਕ ਕੀਤਾ ਗਿਆ। ਉਨ੍ਹਾਂ ਵਲੋਂ ਵੀ ਉਸਾਰੀ ਕਿਰਤੀਆਂ ਲਈ ਪੈਨਸ਼ਨ ਸਕੀਮ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ, ਜਿਸ ਦੀ ਘੋਖ ਕੀਤੀ ਜਾ ਰਹੀ ਹੈ। ਮੈਂਬਰ ਸਾਹਿਬਾਨ ਵਲੋਂ ਸਰਵਸੰਮਤੀ ਨਾਲ ਕਿਹਾ ਗਿਆ ਕਿ ਐਲ.ਆਈ.ਸੀ ਅਤੇ ਪੀ.ਐਨ.ਬੀ ਦੀ ਪੈਨਸ਼ਨ ਸਕੀਮਾਂ ਦੀ ਪੂਰੀ ਤਰਾਂ ਪੜਚੋਲ ਕਰਕੇ, ਬੋਰਡ ਦੀ ਅਗਲੀ ਮੀਟਿੰਗ ਵਿਚ ਸਿਫਾਰਸ਼ਾਂ ਸਹਿਤ ਅਜੰਡਾ ਵਿਚਾਰਨ ਲਈ ਪੇਸ਼ ਕੀਤਾ ਜਾਵੇ।

**7ਵੀਂ ਮੀਟਿੰਗ ਦੀ ਆਈਟਮ ਨੰ:4** **ਬੋਰਡ ਵਿਚ ਸਟਾਫ ਦੀ ਨਿਯੁਕਤੀ ਚਾਲੂ ਰਖਣ ਬਾਰੇ।**

ਸਕੱਤਰ ਵਲੋਂ ਦੱਸਿਆ ਗਿਆ ਕਿ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮਿਤੀ 30.6.2013 ਤੋਂ ਬਾਦ ਠੇਕਾ ਦੇਣ ਸਬੰਧੀ ਸਰਵਿਸ ਪ੍ਰੋਵਾਈਡਰਾਂ ਪਾਸੋਂ ਰੇਟਸ ਮੰਗਣ ਪ੍ਰਤਿ ਟੈਂਡਰ ਅਖਬਾਰ ਵਿਚ ਦਿੱਤਾ ਜਾਣਾ ਹੈ। ਬੋਰਡ ਵਲੋਂ ਇਸ ਦੀ ਪੁਸ਼ਟੀ ਕੀਤੀ ਗਈ।

**7ਵੀਂ ਮੀਟਿੰਗ ਦੀ ਸਪਲੀਮੈਂਟਰੀ ਆਈਟਮ ਨੰ:1** **ਬੋਰਡ ਵਿਚ ਡਿਪਟੀ ਸਕੱਤਰ ਦੀ ਅਸਾਮੀ ਭਰਨ ਬਾਰੇ।**

ਡਿਪਟੀ ਸਕੱਤਰ ਦੀ ਆਸਾਮੀ ਭਰਨ ਬਾਰੇ ਬੋਰਡ ਵਲੋਂ ਪੁੱਛਣ ਤੇ ਸਕੱਤਰ ਵਲੋਂ ਦੱਸਿਆ ਗਿਆ ਕਿ ਯੋਗ ਉਮੀਦਵਾਰਾਂ ਦੀ ਇੰਟਰਵਿਯੂ ਦਾ ਕੰਮ ਮੁਕੰਮਲ ਹੋ ਚੁਕਾ ਹੈ। ਪਰੰਤੂ ਇਕ ਰਿਟਾਇਰਡ ਉਮੀਦਵਾਰ ਵਿਰੁੱਧ ਦੂਸਰੇ ਰਿਟਾਇਰਡ ਉਮੀਦਵਾਰ ਵਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਦੀ ਪੜਤਾਲ ਕਰਨ ਲਈ ਵਧੀਕ ਡਾਇਰੈਕਟਰ ਆਫ ਫੈਕਟ੍ਰੀਜ ਨੂੰ ਕਿਹਾ ਗਿਆ ਹੈ। ਇਸ ਉਪਰੰਤ ਸਬੰਧਤ ਉਮੀਦਵਾਰ ਵਲੋਂ ਅਪਣੀ ਸ਼ਿਕਾਇਤ ਵਾਪਸ ਲੈਣ ਬਾਰੇ ਵੀ ਪੱਤਰ ਪ੍ਰਾਪਤ ਹੋਇਆ ਹੈ, ਜੋ ਕਿ ਵਧੀਕ ਡਾਇਰੈਕਟਰ ਆਫ ਫੈਕਟ੍ਰੀਜ਼ ਨੂੰ ਯੋਗ ਕਾਰਵਾਈ ਲਈ ਭੇਜ ਦਿੱਤਾ ਗਿਆ ਹੈ। ਵਧੀਕ ਡਾਇਰੈਕਟਰ ਆਫ ਫੈਕਟ੍ਰੀਜ਼ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਡਿਪਟੀ ਸਕੱਤਰ ਦੀ ਆਸਾਮੀ ਤੇ ਨਿਯੁਕਤੀ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਸਕੱਤਰ ਵਲੋਂ ਬੋਰਡ ਦੇ ਮੈਂਬਰਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪ੍ਰਬੰਧਕੀ ਵਿਭਾਗ (ਕਿਰਤ ਸ਼ਾਖਾ) ਵਲੋਂ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ, 1996 ਦੀ ਧਾਰਾ 24 (3) ਵਿਚ ਦਰਜ ਉਪਬੰਧਾਂ ਅਨੁਸਾਰ ਇਤਰਾਜ ਲਗਾਇਆ ਗਿਆ ਹੈ ਕਿ ਇਸ ਨਾਲ ਪ੍ਰਬੰਧਕੀ ਖਰਚਾ 5% ਦੀ ਸੀਮਾ ਤੋਂ ਹੋਰ ਵੀ ਵੱਧ ਜਾਵੇਗਾ। ਇਸ ਸਬੰਧੀ ਬੋਰਡ ਵਲੋਂ ਵਿਸਥਾਰ ਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਬੋਰਡ ਵਲੋਂ ਮਹਿਸੂਸ ਕੀਤਾ ਗਿਆ ਕਿ ਪ੍ਰਬੰਧਕੀ ਖਰਚੇ ਇਕ ਫਿਕਸਡ ਰਕਮ ਹੈ, ਜਿਸ ਵਿਚ ਤਨਖਾਹਾਂ ਅਤੇ ਹੋਰ ਪ੍ਰਬੰਧਕੀ ਖਰਚੇ ਸ਼ਾਮਿਲ ਹਨ। ਹੋਰ ਪ੍ਰਬੰਧਕੀ ਖਰਚਿਆਂ ਵਿਚ ਤਾਂ ਕਟੌਤੀ ਕਰਨਾ ਸੰਭਵ ਹੈ, ਪਰੰਤੂ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਕਟੌਤੀ ਕਰਨਾ ਸੰਭਵ ਨਹੀਂ ਹੈ ਜੋਕਿ ਪਹਿਲਾਂ ਹੀ ਪੰਜਾਬ ਸਰਕਾਰ ਜਾਂ ਯੂ.ਟੀ. ਪ੍ਰਸ਼ਾਸਨ ਵਲੋਂ ਨਿਰਧਾਰਿਤ ਕੀਤੀ ਗਈ ਮਿਨੀਮਮ ਵੇਜਿਜ ਅਨੁਸਾਰ ਦਿਤੀ ਜਾ ਰਹੀ ਹੈ। ਇਸ ਤੋਂ ਘੱਟ ਤਨਖਾਹ ਦੇਣਾਂ ਕਾਨੂੰਨੀ ਤੌਰ ਤੇ ਵੀ ਤਰਕਸੰਗਤ ਨਹੀਂ ਹੋਵੇਗਾ। ਜੇਕਰ ਪ੍ਰਬੰਧਕੀ ਖਰਚੇ ਘਟਾਉਂਣ ਲਈ ਮੌਜੂਦਾ ਸਟਾਫ ਵਿਚ ਕਟੌਤੀ ਕੀਤੀ ਜਾਂਦੀ ਹੈ ਤਾਂ ਬੋਰਡ ਦਾ ਕੰਮ ਠੱਪ ਹੋ ਜਾਵੇਗਾ ਅਤੇ ਰਜਿਸਟਰਡ ਲਾਭਪਾਤਰੀਆਂ ਨੂੰ ਬੋਰਡ ਦੀਆਂ ਸਕੀਮਾਂ ਦੇ ਲਾਭ ਮੁਹੱਈਆ ਨਹੀਂ ਕਰਵਾਏ ਜਾ ਸਕਣਗੇ। ਬੋਰਡ ਦੇ ਪ੍ਰਬੰਧਕੀ ਖਰਚੇ ਕਾਨੂੰਨ ਦੀ ਸੀਮਾ ਵਿਚ ਰੱਖਣ ਦਾ ਇਕੋ ਹੀ ਹੱਲ ਹੈ ਕਿ ਰਜਿਸਟਰਡ ਲਾਭਪਾਤਰੀਆਂ ਨੂੰ ਬੋਰਡ ਦੀਆਂ ਭਲਾਈ ਸਕੀਮਾਂ ਦਾ ਵੱਡੇ ਪੱਧਰ ਤੇ ਲਾਭ ਪਹੁੰਚਾਇਆ ਜਾਵੇ ਅਤੇ ਇਹ ਲਾਭ ਯੋਗ ਅਧਿਕਾਰੀਆਂ ਦੀ ਪਹਿਲਕਦਮੀ ਅਤੇ ਪੁਰਜ਼ੋਰ ਕੋਸ਼ਿਸ਼ਾਂ ਨਾਲ ਹੀ ਪਹੁੰਚਾਏ ਜਾ ਸਕਦੇ ਹਨ ਨਾ ਕਿ ਆਸਾਮੀਆਂ ਤੇ ਕਰਮਚਾਰੀਆਂ ਦੀ ਨਿਯੁਕਤੀ ਨਾ ਕਰਕੇ। ਇਸ ਤਰ੍ਹਾਂ ਕਰਨ ਨਾਲ ਨਾ ਤਾਂ ਲਾਭਪਾਤਰੀਆਂ ਨੂੰ ਸਕੀਮਾਂ ਦੇ ਲਾਭ ਮਿਲ ਸਕਣਗੇ ਅਤੇ ਨਾ ਹੀ ਪ੍ਰਬੰਧਕੀ ਖਰਚੇ ਨਿਰਧਾਰਿਤ ਸੀਮਾ ਤੋਂ ਹੇਠ ਆ ਸਕਣਗੇ।

ਬੋਰਡ ਨੂੰ ਇਹ ਵੀ ਦੱਸਿਆ ਗਿਆ ਕਿ ਡਿਪਟੀ ਸਕੱਤਰ ਦੀ ਆਸਾਮੀ ਦੀ ਰਚਨਾ ਬੋਰਡ ਦੀ ਪਹਿਲੀ ਮੀਟਿੰਗ ਵਿਚ ਕੀਤੀ ਗਈ ਸੀ, ਜਿਸ ਉੱਤੇ ਸਰਕਾਰ ਦੀ ਪ੍ਰਵਾਨਗੀ ਨਾਲ ਅਧਿਕਾਰੀ ਡੈਪੂਟੇਸ਼ਨ ਰਾਹੀਂ ਨਿਯੁਕਤ ਵੀ ਕੀਤੇ ਜਾਂਦੇ ਰਹੇ ਹਨ। ਬੋਰਡ ਦੀ ਕਾਰਗੁਜ਼ਾਰੀ ਲਈ 'ਡਿਪਟੀ ਸਕੱਤਰ' ਦੀ ਇਕ ਅਹਿਮ ਆਸਾਮੀ ਹੈ, ਕਿਉਂਕਿ ਬੋਰਡ ਦੀਆਂ ਬਾਕੀ ਆਸਾਮੀਆਂ ਦਾ ਵਾਧੂ ਚਾਰਜ ਵੀ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤਾ ਹੋਇਆ ਹੈ, ਜਿਨ੍ਹਾਂ ਵਿਚ ਸਕੱਤਰ ਦੀ ਆਸਾਮੀ ਵੀ ਸ਼ਾਮਿਲ ਹੈ ਕਿਉਂਕਿ ਸਕੱਤਰ ਦੀ ਆਸਾਮੀ ਦਾ ਵਾਧੂ ਚਾਰਜ ਵੀ ਕਿਰਤ ਕਮਿਸ਼ਨਰ ਪਾਸ ਹੈ।

ਉਪਰੋਕਤ ਦਰਸ਼ਾਈ ਸਥਿਤੀ ਦੇ ਮੱਦੇ-ਨਜ਼ਰ ਇਹ ਫੈਸਲਾ ਲਿਆ ਗਿਆ ਕਿ ਜੇਕਰ ਜਰੂਰੀ ਆਸਾਮੀਆਂ ਭਰੀਆਂ ਜਾਂਦੀਆਂ ਹਨ ਤਾਂ ਸ਼ੁਰੂ ਦੇ ਸਮੇਂ ਵਿਚ ਤਾਂ ਪ੍ਰਸ਼ਾਸਕੀ ਖਰਚਾ ਵਧੇਗਾ, ਪਰੰਤੂ ਆਉਂਣ ਵਾਲੇ ਸਮੇਂ ਵਿਚ ਸਕੀਮਾਂ ਦੇ ਲਾਗੂ ਹੋਂਣ ਨਾਲ ਲਾਭਪਾਤਰੀਆਂ ਤੇ ਕੀਤੇ ਜਾਣ ਵਾਲਾ ਖਰਚ ਵੀ ਵਧੇਗਾ ਜਿਸ ਕਾਰਣ ਪ੍ਰਸ਼ਾਸਕੀ ਖਰਚੇ ਦੀ ਪ੍ਰਤਿਸ਼ਤਤਾ ਨਿਰਧਾਰਤ ਦਰ ਤੋਂ ਘਟ ਜਾਵੇਗੀ। ਇਸ ਨਾਲ ਸਰਕਾਰ ਵਲੋਂ ਲਗਾਇਆ ਗਿਆ ਇਤਰਾਜ਼ ਅਪਣੇ ਆਪ ਖਤਮ ਹੋ ਜਾਵੇਗਾ। ਇਸ ਤਰ੍ਹਾਂ ਇਹ ਫੈਸਲਾ ਕੀਤਾ ਗਿਆ ਕਿ ਬੋਰਡ ਵਿਚ ਪੂਰੇ ਸਮੇਂ ਲਈ ਡਿਪਟੀ ਸਕੱਤਰ ਦੀ ਨਿਯੁਕਤੀ ਕਰਨਾ ਲਾਜ਼ਮੀ ਹੈ।ਇਸ ਬਾਰੇ ਬੋਰਡ ਵਲੋਂ ਕਿਹਾ ਗਿਆ ਕਿ ਸਬੰਧਤ ਉਮੀਦਵਾਰ ਵਿਰੁੱਧ ਸ਼ਿਕਾਇਤ ਸਬੰਧੀ ਪੜਤਾਲ ਦਾ ਕੰਮ ਜਲਦੀ ਮੁਕੰਮਲ ਕਰਵਾਕੇ, ਡਿਪਟੀ ਸਕੱਤਰ ਦੀ ਆਸਾਮੀ ਨੂੰ ਤੁਰੰਤ ਭਰਿਆ ਜਾਵੇ।

**8ਵੀਂ ਮੀਟਿੰਗ ਆਈਟਮ ਨੰ:7** **ਬੋਰਡ ਵਲੋਂ ਲੇਬਰ ਸ਼ੈਡ ਬਨਾਉਣ ਸਬੰਧੀ।**

ਬੋਰਡ ਵਲੋਂ ਸਰਵਸੰਮਤੀ ਨਾਲ ਕਿਹਾ ਗਿਆ ਕਿ ਲੇਬਰ ਸ਼ੈਡ ਬਨਾਉਣ ਸਬੰਧੀ 8ਵੀਂ ਮੀਟਿੰਗ ਵਿਚ ਜੋ ਸਿਧਾਂਤਕ ਪ੍ਰਵਾਨਗੀ ਦਿਤੀ ਗਈ ਸੀ, ਉਸਨੂੰ ਪੂਰਣ ਪ੍ਰਵਾਨਗੀ ਸਮਝਿਆ ਜਾਵੇ। ਜਿਥੋ ਤੱਕ ਲੇਬਰ ਸ਼ੈਡਾਂ ਦੇ ਰੱਖ-ਰੱਖਾਵ ਦਾ ਸਬੰਧ ਹੈ, ਇਸ ਬਾਰੇ ਮੈਂਬਰ ਸਹਿਬਾਨ ਵਲੋਂ ਵੱਖ-ਵੱਖ ਸੁਝਾਅ ਦਿਤੇ ਗਏ। ਇਸ ਸਬੰਧੀ ਕਾਫੀ ਵਿਚਾਰ ਵਟਾਂਦਰਾ ਕਰਨ ਉਪਰੰਤ ਸਕੱਤਰ ਵਲੋਂ ਦਿਤੇ ਸੁਝਾਅ ਅਨੁਸਾਰ ਮਾਨਯੋਗ ਚੇਅਰਮੈਨ ਜੀ ਵਲੋਂ ਆਦੇਸ਼ ਦਿਤੇ ਗਏ ਕਿ ਇਸ ਮੰਤਵ ਲਈ ਪੰਜ ਮੈਂਬਰੀ ਕਮੇਟੀ ਬਣਾ ਲਈ ਜਾਵੇ ਅਤੇ ਕਮੇਟੀ ਵਲੋ ਦਿੱਤੀ ਰਿਪੋਟ ਦੇ ਆਧਾਰ ਤੇ ਲੇਬਰ ਸ਼ੈਡਾਂ ਦੇ ਰੱਖ-ਰੱਖਾਵ ਬਾਰੇ ਫੈਸਲਾ ਲੈਣ ਲਈ ਬੋਰਡ ਦੀ ਅਗਲੀ ਮੀਟਿੰਗ ਵਿਚ ਅਜੰਡਾ ਆਈਟਮ ਪੇਸ਼ ਕੀਤੀ ਜਾਵੇ। ਇਹ ਵੀ ਕਿਹਾ ਗਿਆ ਕਿ ਲੇਬਰ ਸ਼ੈਡਾਂ ਦੀ ਉਸਾਰੀ ਲਈ ਲੋਕਲ ਅਥਾਰਟੀਜ਼ ਨੂੰ ਸਕੀਮ ਦੀ ਕਾਪੀ ਭੇਜਕੇ, ਜਗ੍ਹਾ ਮੁਹੱਈਆ ਕਰਾਉਂਣ ਲਈ ਲਿਖਿਆ ਜਾਵੇ।

**ਆਈਟਮ ਨੰ: 8** **ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵਜ਼ੀਫਾ ਅਤੇ ਕਰਜ਼ਾ ਸਕੀਮ ਵਿਚ ਸੋਧਾਂ ਬਾਰੇ**

ਬੋਰਡ ਵਲੋਂ ਇਨ੍ਹਾਂ ਸਕੀਮਾਂ ਅਧੀਨ ਦਰਾਂ ਵਿਚ ਮਿਤੀ 8.3.2013 ਦੀ ਮੀਟਿੰਗ ਵਿਚ ਕੀਤੀਆਂ ਸੋਧਾਂ ਨੂੰ ਲਾਗੂ ਕਰਨ ਬਾਰੇ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

1. **ਵਜ਼ੀਫਾ ਸਕੀਮ ਅਧੀਨ**

   ਬੋਰਡ ਵਲੋਂ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਦੀਆਂ ਵਿਦਿਅਕ ਸਾਲ 2012-13 (ਅਰਥਾਤ ਮਿਤੀ 31.3.2013 ਤੱਕ) ਦੀਆਂ ਦਰਖਾਸਤਾ ਸਬੰਧੀ ਲਾਭਪਾਤਰੀਆਂ ਨੂੰ ਪੁਰਾਣੀਆਂ ਦਰਾਂ ਦੇ ਹਿਸਾਬ ਨਾਲ ਅਤੇ ਮਿਤੀ 1.4.2013 ਤੋਂ ਬਾਦ ਵਿਦਿਅਕ ਸਾਲ 2013-14 ਲਈ ਲਾਭਪਾਤਰੀਆਂ ਦੀਆਂ ਦਰਖਾਸਤਾ ਨੂੰ ਵਧੀਆਂ ਹੋਈਆਂ ਦਰਾਂ ਦੇ ਹਿਸਾਬ ਨਾਲ ਵਜ਼ੀਫਿਆਂ ਦੀ ਰਕਮਾਂ ਰਿਲੀਜ਼ ਕੀਤੀਆਂ ਜਾਣ।

2. **ਐਲ.ਟੀ.ਸੀ ਸਕੀਮ**

   ਇਸ ਅਧੀਨ ਜਿਹੜੇ ਲਾਭਪਾਤਰੀ ਬੋਰਡ ਦੇ ਮਿਤੀ 8.3.13 ਦੇ ਫੈਸਲੇ ਤੋ ਪਹਿਲਾਂ ਯਾਤਰਾ ਕਰ ਚੁੱਕੇ ਹਨ ਉਨ੍ਹਾਂ ਨੂੰ ਪਹਿਲੀਆਂ ਦਰਾਂ ਭਾਵ 1000/- ਰੁਪਏ ਪ੍ਰਤੀ ਲਾਭਪਾਤਰੀ ਹੀ ਐਲ.ਟੀ.ਸੀ ਦੀ ਸਹੂਲਤ ਦਿਤੀ ਜਾਵੇ ਅਤੇ ਜਿਨ੍ਹਾਂ ਲਾਭਪਾਤਰੀਆਂ ਨੇ ਇਸ ਫੈਸਲੇ ਤੋਂ ਬਾਅਦ ਯਾਤਰਾ ਕੀਤੀ ਹੈ ਜਾਂ ਕਰਨੀ ਹੈ, ਉਨ੍ਹਾਂ ਨੂੰ ਵਧੀਆਂ ਦਰਾਂ ਨਾਲ ਸਹੂਲਤ ਦਿਤੀ ਜਾਵੇ।

3. **ਸ਼ਗਨ ਸਕੀਮ**

   ਇਸ ਬਾਰੇ ਫੈਸਲਾ ਲਿਆ ਗਿਆ ਕਿ ਮਿਤੀ 8.3.2013 ਤੱਕ ਲੜਕੀ ਦੀ ਹੋਈ ਸ਼ਾਦੀ ਸਬੰਧੀ ਸ਼ਗਨ ਸਕੀਮ ਅਧੀਨ ਲਾਭ ਪੁਰਾਣੀ ਦਰ ਤੇ ਹੀ ਦਿੱਤਾ ਜਾਵੇ ਅਤੇ ਮਿਤੀ 8.3.2013 ਤੋਂ ਬਾਦ ਲੜਕੀ ਦੀ ਸ਼ਾਦੀ ਲਈ ਸ਼ਗਨ ਸਕੀਮ ਅਧੀਨ ਰਾਸ਼ੀ ਵਧੀਆਂ ਦਰਾਂ ਅਨੁਸਾਰ ਦਿਤੀ ਜਾਵੇ।

4. **ਕਰਜਾ ਸਕੀਮ**

ਬੋਰਡ ਵਲੋਂ ਮੌਜੂਦਾ ਸਮੇਂ ਚਲਾਈਆਂ ਜਾ ਰਹੀਆਂ ਕਰਜਾ ਸਕੀਮਾਂ ਅਤੇ ਭਵਿੱਖ ਵਿਚ ਬਣਾਈਆਂ ਜਾਣ ਵਾਲੀਆਂ ਕਰਜ਼ਾ ਸਕੀਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਰਜ਼ਾ ਸਕੀਮ ਬਾਰੇ ਕਾਫੀ ਵਿਚਾਰ-ਵਟਾਂਦਰੇ ਤੋ ਬਾਅਦ ਇਹ ਸਿੱਟਾ ਨਿਕਲਿਆ ਕਿ ਕਿਉਂ ਜੋ ਉਸਾਰੀ ਕਿਰਤੀ ਦੀ ਕਰਜ਼ੇ ਦੀ ਰਕਮ ਲਈ ਠੇਕੇਦਾਰ/ਮਾਲਕ ਕੋਈ ਗਰੰਟੀ ਨਹੀਂ ਲੈਂਦਾ, ਇਸ ਤਰ੍ਹਾਂ ਲਾਭਪਾਤਰੀ ਉਸਾਰੀ ਕਿਰਤੀਆਂ ਪਾਸੋਂ ਕਰਜ਼ਾ ਸਕੀਮਾਂ ਅਧੀਨ ਮਨਜ਼ੂਰ ਕਰਜ਼ਿਆਂ ਦੀ ਰਿਕਵਰੀ ਕਰਨੀ ਨਾ ਸਿਰਫ ਮੁਸ਼ਕਲ ਹੋ ਜਾਵੇਗੀ, ਬਲਕਿ ਨਾਮੁਮਕਿਨ ਹੋਵੇਗੀ। ਇਸ ਲਈ ਫੈਸਲਾ ਕੀਤਾ ਗਿਆ ਕਿ ਕਰਜ਼ਾ ਸਕੀਮਾਂ ਜਿਨ੍ਹਾਂ ਅਧੀਨ ਕਰਜ਼ੇ ਦੀ ਵਸੂਲੀ ਕਰਨੀ ਬਣਦੀ ਹੈ, ਨੂੰ ਅੱਗੇ ਚਾਲੂ ਰੱਖਣ ਦੀ ਜ਼ਰੂਰਤ ਨਹੀਂ ਅਤੇ ਨਾਂ ਹੀ ਭਵਿੱਖ ਵਿਚ ਹੋਰ ਕਰਜ਼ਾ ਸਕੀਮ ਬਨਾਉਂਣ ਦੀ ਲੋੜ ਹੈ। ਇਨ੍ਹਾਂ ਦੀ ਬਜਾਏ ਬਾਕੀ ਭਲਾਈ ਸਕੀਮਾਂ ਅਧੀਨ ਵੱਧ ਤੋਂ ਵੱਧ ਰਕਮਾਂ ਪੰਜੀਕ੍ਰਿਤ ਲਾਭਪਾਤਰੀਆਂ ਨੂੰ ਮਨਜ਼ੂਰ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣ।

**ਆਈਟਮ ਨੰ: 9** **ਬੋਰਡ ਦੇ ਪੰਜੀਕ੍ਰਿਤ ਲਾਭਪਾਤਰੀਆਂ ਅਤੇ ਕਿਰਤ ਭਲਾਈ ਸਕੀਮਾਂ ਦਾ ਕੰਪਿਊਟਰਾਈਜੇਸ਼ਨ ਸਬੰਧੀ ਪ੍ਰੋਜੈਕਟ ਤਿਆਰ ਕਰਾਉਂਣ ਸਬੰਧੀ।**

ਇਸ ਆਈਟਮ ਤੇ ਲਏ ਫੈਸਲੇ ਤੇ ਪੁਨਰ ਵਿਚਾਰ ਕਰਦੇ ਹੋਏ ਸਕੱਤਰ ਬੋਰਡ ਵਲੋਂ ਦਿਤੇ ਸੁਝਾਅ ਅਨੁਸਾਰ ਮੁੜ ਫੈਸਲਾ ਕੀਤਾ ਗਿਆ ਕਿ ਪੈਕ ਸੈਂਟਰ ਫਾਰ ਟੈਕਨਾਲੋਜੀ ਇੰਜੀਨੀਅਰਿੰਗ ਨੂੰ ਪ੍ਰੋਜੈਕਟ ਚਾਲੂ ਕਰਨ ਲਈ ਆਰਡਰ ਜਾਰੀ ਕਰਨ ਦੀ ਬਜਾਏ, ਇਸ ਬਾਰੇ ਪਹਿਲਾਂ ਟੈਂਡਰਾਂ ਰਾਹੀਂ ਰੇਟਸ ਮੰਗੇ ਜਾਣ। ਇਸ ਸਬੰਧੀ ਨਿਯਮਾਂ ਅਨੁਸਾਰ ਪ੍ਰਕ੍ਰਿਆ ਅਰੰਭ ਕਰਨ ਦਾ ਫੈਸਲਾ ਹੋਇਆ।

**ਆਈਟਮ ਨੰ: 10** **ਬੋਰਡ ਦੇ ਲੇਖਾ ਅਫਸਰ ਅਤੇ ਸੁਪਰਡੈਂਟ ਦੀ ਤਨਖਾਹ ਵਿਚ ਵਾਧਾ ਕਰਨ ਬਾਰੇ।**

ਇਸ ਆਈਟਮ ਦੇ ਫੈਸਲੇ ਸਬੰਧੀ ਪ੍ਰਬੰਧਕੀ ਵਿਭਾਗ (ਕਿਰਤ ਸ਼ਾਖਾ) ਵਲੋਂ ਲਗਾਏ ਇਤਰਾਜ ਨੂੰ ਮੁੱਖ ਰੱਖਦੇ ਹੋਏ ਮੈਂਬਰ ਸਾਹਿਬਾਨ ਵਲੋਂ ਪ੍ਰੇਖਣ ਕੀਤਾ ਗਿਆ ਕਿ ਇਸ ਸਬੰਧੀ ਬੋਰਡ ਦੀ ਮਿਤੀ 8.3.13 ਦੀ ਮੀਟਿੰਗ ਵਿਚ ਕਿਸੇ ਮੈਂਬਰ ਸਾਹਿਬਾਨ ਵਲੋਂ ਕੋਈ ਇਤਰਾਜ਼ ਨਹੀਂ ਸੀ ਉਠਾਇਆ ਗਿਆ। ਇਸ ਲਈ ਮੁੜ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਅਧਿਕਾਰੀਆਂ ਦੀ ਤਨਖਾਹਾਂ ਵਿੱਚ ਤਰਕਸੰਗਤ ਵਾਧਾ ਕਰਨ ਦੀ ਉਚਿਤਤਾ ਬਾਰੇ ਦੱਸਦੇ ਹੋਏ ਬੋਰਡ ਦੀ ਅਗਲੀ ਮੀਟਿੰਗ ਵਿਚ ਪ੍ਰਵਾਨਗੀ ਲਈ ਅਜੰਡਾ ਪੇਸ਼ ਕੀਤਾ ਜਾਵੇ।

**ਆਈਟਮ ਨੰ: 12** **ਬੋਰਡ ਵਿੱਚ ਇਕ ਜੂਨੀਅਰ ਆਡਿਟਰ ਅਤੇ ਕੰਪਿਊਟਰ ਪ੍ਰੋਗਰਾਮਰ ਦੀ ਅਸਾਮੀ ਦੀ ਰਚਨਾ ਕਰਨ ਬਾਰੇ।**

ਬੋਰਡ ਦੇ ਫੈਸਲੇ ਸਬੰਧੀ ਪ੍ਰਬੰਧਕੀ ਵਿਭਾਗ (ਕਿਰਤ ਸ਼ਾਖਾ) ਵਲੋਂ ਲਗਾਏ ਇਤਰਾਜ਼ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਵੀ ਵਿਚਾਰ ਕੀਤਾ ਗਿਆ ਕਿ ਜੂਨੀਅਰ ਆਡਿਟਰ ਦੀ ਆਸਾਮੀ ਬੋਰਡ ਵਿਚ ਲੇਖਾ ਅਫਸਰ ਦੀ ਇਕ ਮੰਜੂਰ-ਸ਼ੁਦਾ ਆਸਾਮੀ, ਜੋ ਕਿ ਉਚੇਰੀ ਤਨਖਾਹ ਵਾਲੀ ਆਸਾਮੀ ਸੀ, ਨੂੰ ਖਤਮ ਕਰਕੇ ਬਣਾਈ ਗਈ ਹੈ। ਇਸ ਤਰ੍ਹਾਂ ਇਸ ਆਸਾਮੀ ਦਾ ਕੋਈ ਵਾਧੂ ਵਿੱਤੀ ਬੋਝ ਨਹੀਂ ਪਵੇਗਾ ਸਗੋਂ ਖਰਚੇ ਵਿਚ ਕਮੀ ਹੀ ਆਵੇਗੀ। ਇਸ ਆਸਾਮੀ ਦੀ ਰਚਨਾ ਆਡਿਟ ਪੱਖੋਂ ਵੀ ਲਾਹੇਵੰਦ ਹੈ ਕਿਉਂਕਿ ਇੰਟਰਨਲ ਆਡਿਟ ਹੋਣ ਨਾਲ ਕੰਮ ਦੀ ਗੁਣਵੱਤਾ ਵਧੇਗੀ ਅਤੇ ਬੇਲੋੜੇ ਖਰਚਿਆਂ ਤੇ ਲਗਾਮ ਲਗਾਈ ਜਾ ਸਕੇਗੀ।

ਇਸੇ ਤਰ੍ਹਾਂ ਇਹ ਦੱਸਿਆ ਗਿਆ ਕਿ ਕੰਪਿਊਟਰ ਪ੍ਰੋਗਰਾਮਰ ਦੀ ਆਸਾਮੀ ਵੀ ਇਕ ਕੰਪਿਊਟਰ ਆਪਰੇਟਰ ਦੀ ਮੰਜੂਰ-ਸ਼ੁਦਾ ਆਸਾਮੀ ਨੂੰ ਅਪਗ੍ਰੇਡ ਕਰਕੇ ਬਣਾਈ ਗਈ ਹੈ ਅਤੇ ਇਸ ਆਸਾਮੀ ਤੇ ਨਿਯੁਕਤ ਕਰਮਚਾਰੀ ਨੂੰ ਯੂ.ਟੀ. ਪ੍ਰਸ਼ਾਸਨ ਦੁਆਰਾ ਨਿਰਧਾਰਿਤ ਮਿਨੀਮਮ ਵੇਜਿਜ਼ ਹੀ ਦਿਤੀ ਜਾਣੀ ਹੈ। ਇਹ ਠੀਕ ਹੈ ਕਿ ਇਸ ਆਸਾਮੀ ਦੀ ਤਨਖਾਹ ਕੰਪਿਊਟਰ ਆਪਰੇਟਰ ਨਾਲੋ ਥੋੜੀ ਜਿਹੀ ਜ਼ਿਆਦਾ ਹੈ, ਪ੍ਰੰਤੂ ਜਿਵੇਂ ਕਿ ਬੋਰਡ ਵਲੋਂ 8ਵੀਂ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ, ਬੋਰਡ ਦੇ ਸਾਰੇ ਕੰਮਾਂ ਦਾ ਕੰਪਿਊਟਰੀਕਰਣ ਕਰਵਾਇਆ ਜਾਣਾ ਹੈ, ਇਸ ਲਈ ਬੋਰਡ ਦਾ ਅਪਣਾ ਕੰਪਿਊਟਰ ਪ੍ਰੋਗਰਾਮਰ ਹੋਣਾ ਲਾਜ਼ਮੀ ਹੈ, ਜੋ ਕਿ ਸਾਫਟਵੇਅਰ ਤਿਆਰ ਕਰਨ ਵਾਲੀ ਪਾਰਟੀ ਨਾਲ ਤਾਲ-ਮੇਲ ਕਰ ਸਕੇ। ਇਸ ਤਰ੍ਹਾਂ ਬੋਰਡ ਵਲੋਂ ਉਪਰੋਕਤ ਆਸਾਮੀਆਂ ਬਾਰੇ ਸਰਕਾਰ ਦੁਆਰਾ ਲਗਾਏ ਇਤਰਾਜ਼ਾਂ ਨੂੰ ਸਰਵਸੰਮਤੀ ਨਾਲ ਨਜ਼ਰ-ਅੰਦਾਜ਼ ਕਰਦੇ ਹੋਏ ਮੁੜ ਫੈਸਲਾ ਕੀਤਾ ਗਿਆ ਕਿ ਬੋਰਡ ਵਲੋਂ 8ਵੀਂ ਮੀਟਿੰਗ ਵਿਚ ਇਸ ਸਬੰਧੀ ਜੋ ਫੈਸਲਾ ਲਿਆ ਗਿਆ ਹੈ, ਉਸਨੂੰ ਲਾਗੂ ਕੀਤਾ ਜਾਵੇ।

ਉਪਰੋਕਤ ਆਈਟਮਾਂ ਤੋਂ ਇਲਾਵਾ ਬਾਕੀ ਆਈਟਮਾਂ ਦੇ ਫੈਸਲਿਆਂ ਤੇ ਕੀਤੀ ਕਾਰਵਾਈ ਦੀ ਬੋਰਡ ਵਲੋਂ ਪੁਸ਼ਟੀ ਕੀਤੀ ਗਈ।

**9ਵੀਂ ਮੀਟਿੰਗ ਦੀ ਆਈਟਮ ਨੰ: 3** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਸਾਲ 2012-13 ਦੀ ਸਾਲਾਨਾ ਗਤੀਵਿਧੀਆਂ ਬਾਰੇ ਰਿਪੋਰਟ।**

ਬੋਰਡ ਵਲੋਂ ਸਾਲ 2012-13 ਦੀ ਸਾਲਾਨਾ ਰਿਪੋਟ ਪ੍ਰਵਾਨ ਕੀਤੀ ਗਈ।

## ਆਈਟਮ ਨੰ:4 "ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ"

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਗਈ:-

ਨੈਸ਼ਨਲ ਅਕੈਡਮੀ ਆਫ ਕੰਸਟਰਕਸ਼ਨ, ਹੈਦਰਾਬਾਦ; ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ, ਚੰਡੀਗੜ੍ਹ **(ਪੈਸਕੋ)** ਦੁਆਰਾ ਮੋਹਾਲੀ ਅਤੇ ਬਠਿੰਡਾ ਵਿਖੇ ਸਥਾਪਿਤ 'ਵੋਕੇਸ਼ਨਲ ਟ੍ਰੇਨਿੰਗ ਇੰਸਟੀਚਿਯੂਟ' ਅਤੇ ਐਮ.ਐਸ.ਐਮ.ਈ. ਟੂਲ ਰੂਮ ਜਲੰਧਰ/ ਐਮ.ਐਸ.ਐਮ.ਈ. ਟੂਲ ਰੂਮ ਲੁਧਿਆਣਾ ਜਾਂ ਰਾਜ ਵਿਚ ਕਿਸੇ ਹੋਰ ਮਾਨਤਾ ਪ੍ਰਾਪਤ ਤਕਨੀਕੀ ਸੰਸਥਾ ਦੁਆਰਾ ਥੋੜੇ ਸਮੇਂ ਦੇ ਚਲਾਏ ਜਾ ਰਹੇ ਕੋਰਸਾਂ ਵਿਚ ਪੰਜੀਕ੍ਰਿਤ ਲਾਭਪਾਤਰੀ ਖੁਦ ਅਪਣੀ 'ਸਕਿਲ ਅਪਗ੍ਰੇਡੇਸ਼ਨ' ਲਈ ਤਕਨੀਕੀ ਕੋਰਸ ਕਰ ਸਕਦੇ ਹਨ ਅਤੇ ਇਸ ਦੇ ਨਾਲ-ਨਾਲ ਉਹ ਅਪਣੇ ਬੱਚਿਆਂ ਨੂੰ ਵੀ ਇਨ੍ਹਾਂ ਸੰਸਥਾਵਾਂ ਵਿਚ 'ਵੋਕੇਸ਼ਨਲ ਐਜੂਕੇਸ਼ਨ' ਦੁਆ ਸਕਦੇ ਹਨ।

ਇਸ ਸਕੀਮ ਅਧੀਨ ਪੰਜੀਕ੍ਰਿਤ ਲਾਭਪਾਤਰੀ ਦੀ ਖੁਦ ਦੀ 'ਸਕਿਲ ਅਪਗ੍ਰੇਡੇਸ਼ਨ' ਜਾਂ ਉਨ੍ਹਾਂ ਦੇ ਬੱਚਿਆਂ ਨੂੰ 'ਵੋਕੇਸ਼ਨਲ ਐਜੂਕੇਸ਼ਨ' ਸਬੰਧੀ ਤਕਨੀਕੀ ਕੋਰਸਾਂ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਪੂਰੀ ਫੀਸ ਅਤੇ ਬੋਰਡਿੰਗ ਐਂਡ ਲੌਜਿੰਗ ਦੇ ਖਰਚੇ ਤੋਂ ਇਲਾਵਾ, ਲਾਭਪਾਤਰੀ ਜਾਂ ਉਸਦੇ ਬੱਚੇ, ਜੇਕਰ ਕੋਰਸ ਹੈਦਰਾਬਾਦ ਤੋਂ ਕਰਨ ਦੇ ਚਾਹਵਾਨ ਹੋਣ ਤਾਂ ਉਨ੍ਹਾਂ ਦੀ ਹੈਦਰਾਬਾਦ ਵਿਖੇ ਆਣ-ਜਾਣ ਲਈ ਜਨਰਲ ਸ਼ਰੇਣੀ ਵਿਚ ਰੇਲਵੇ ਟਿਕਟ ਦੀ ਭਰਪਾਈ ਬੋਰਡ ਵਲੋਂ ਕੀਤੀ ਜਾਵੇਗੀ। ਜੇਕਰ ਉਹ ਪੰਜਾਬ ਰਾਜ ਵਿਚ ਪੈਸਕੋ, ਐਮ.ਐਸ.ਐਮ.ਈ. ਟੂਲ ਰੂਮ ਜਲੰਧਰ/ ਲੁਧਿਆਣਾ ਜਾਂ ਹੋਰ ਕਿਸੇ ਮਾਨਤਾ ਪ੍ਰਾਪਤ ਸੰਸਥਾ ਵਿਚ ਕੋਰਸ ਕਰਦੇ ਹਨ ਤਾਂ ਵੀ ਉਨ੍ਹਾਂ ਦੀ ਕੇਵਲ ਕੋਰਸ ਦੀ ਪੂਰੀ ਫੀਸ ਸਮੇਤ ਬੋਰਡਿੰਗ/ਲੌਜਿੰਗ ਖਰਚ, ਜੋ ਕੋਈ ਹੋਵੇ ਬੋਰਡ ਵਲੋਂ ਅਦਾ ਕੀਤੀ ਜਾਵੇਗੀ।ਇਸ ਤੋਂ ਇਲਾਵਾ ਜੇਕਰ ਪੰਜੀਕ੍ਰਿਤ ਲਾਭਪਾਤਰੀ ਖੁਦ ਸਕਿਲ ਅਪਗ੍ਰੇਡੇਸ਼ਨ ਲਈ ਹੈਦਰਾਬਾਦ ਵਿਖੇ ਜਾਂ ਰਾਜ ਵਿਚ ਕਿਸੇ ਮਾਨਤਾ ਪ੍ਰਾਪਤ ਤਕਨੀਕੀ ਸੰਸਥਾ ਜੁਆਇੰਨ ਕਰਦਾ ਹੈ, ਤਾਂ ਬੋਰਡ ਦੀ ਇਸ ਸਕੀਮ ਅਧੀਨ ਉਸਨੂੰ ਦਿਹਾੜੀ ਟੁੱਟਣ ਦੇ ਇਵਜ਼ ਵਿਚ 5000/- ਰੁਪਏ ਪ੍ਰਤਿ ਮਹੀਨਾ ਦੀ ਵਿੱਤੀ ਸਹਾਇਤਾ ਬਤੌਰ ਵਜ਼ੀਫਾ ਦਿੱਤੀ ਜਾਵੇਗੀ।

### ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਸ਼ਰਤਾਂ

1. ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਉਸਾਰੀ ਕਿਰਤੀ ਵਲੋਂ ਆਪਣੀ ਬਤੌਰ 'ਲਾਭਪਾਤਰੀ' ਰਜਿਸਟ੍ਰੇਸ਼ਨ ਕਰਾਉਣੀ ਜ਼ਰੂਰੀ ਹੋਵੇਗੀ।

2. ਲਾਭਪਾਤਰੀ ਨੂੰ ਆਪਣੀ ਮੈਂਬਰਸ਼ਿਪ ਚਾਲੂ ਰੱਖਣ ਲਈ ਸਰਕਾਰ ਵਲੋਂ ਨਿਰਧਾਰਿਤ ਅੰਸ਼ਦਾਨ ਦੀ ਇਕ ਸਾਲ ਦੀ ਰਕਮ ਐਡਵਾਂਸ ਦੇ ਤੌਰ ਤੇ ਜਮਾਂ ਕਰਾਉਂਣੀ ਲਾਜ਼ਮੀ ਹੋਵੇਗੀ।

3. ਜੇਕਰ ਲਾਭਪਾਤਰੀ ਇਸ ਸਕੀਮ ਅਧੀਨ ਅਪਣੇ ਬੱਚਿਆ ਨੂੰ **'ਵੋਕੇਸ਼ਨਲ ਐਜੂਕੇਸ਼ਨ'** ਦੁਆਉਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਇਹ ਸੁਵਿਧਾ ਕੇਵਲ 2 ਬੱਚਿਆਂ ਲਈ ਹੀ ਦਿਤੀ ਜਾਵੇਗੀ।

4. ਲਾਭਪਾਤਰੀ ਨੂੰ ਇਸ ਸਕੀਮ ਅਧੀਨ ਖੁਦ ਅਪਣੀ **ਸਕਿਲ ਅਪਗ੍ਰੇਡੇਸ਼ਨ** ਜਾਂ ਅਪਣੇ ਬੱਚਿਆਂ ਨੂੰ **ਵੋਕੇਸ਼ਨਲ ਐਜੂਕੇਸ਼ਨ** ਦੁਆਉਣ ਦਾ ਲਾਭ ਲੈਣ ਲਈ ਨਿਰਧਾਰਤ ਪ੍ਰੋਫਾਰਮੇ ਵਿਚ ਅਰਜ਼ੀ ਹੋਰ ਸਕੀਮਾਂ ਵਾਂਗ ਕਿਰਤ ਵਿਭਾਗ ਦੇ ਖੇਤਰੀ ਅਮਲੇ ਦੇ ਦਫਤਰ ਵਿਚ ਦੇਣੀ ਪਵੇਗੀ, ਜਿਸ ਵਿਚ

ਉਸ ਨੂੰ ਸਪੱਸ਼ਟ ਤੌਰ ਤੇ ਦਸਣਾ ਪਵੇਗਾ ਕਿ ਉਹ ਕਿਸ ਕੋਰਸ ਲਈ ਅਤੇ ਕਿਸ ਸੰਸਥਾ ਰਾਹੀਂ ਸਕਿਲ ਅਪਗ੍ਰੇਡੇਸ਼ਨ/ਵੋਕੇਸ਼ਨਲ ਐਜੂਕੇਸ਼ਨ ਲੈਣ ਦਾ ਚਾਹਵਾਨ ਹੈ। ਜੇਕਰ ਲਾਭਪਾਤਰੀ ਸਕੀਮ ਦੀਆਂ ਬਾਕੀ ਸ਼ਰਤਾਂ ਪੂਰੀਆਂ ਕਰਦਾ ਹੋਵੇ ਤਾਂ ਹਲਕੇ ਦੇ ਸਹਾਇਕ ਕਿਰਤ ਕਮਿਸਨਰ/ ਕਿਰਤ ਤੇ ਸੁਲਾਹ ਅਫਸਰ ਵਲੋਂ ਸਬ ਡਵੀਜਨਲ ਪੱਧਰ ਤੇ ਬਣਾਈ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਉਪਰੰਤ ਯੋਗ ਪਾਏ ਗਏ ਉਮੀਦਵਾਰਾਂ ਦੀ ਸਿਫਾਰਸ਼ ਬੋਰਡ ਦੇ ਸਦਰ ਦਫਤਰ ਨੂੰ ਭੇਜੀ ਜਾਵੇਗੀ। ਇਸ ਉਪਰੰਤ ਬੋਰਡ ਦੇ ਸਦਰ ਦਫਤਰ ਵਲੋਂ ਲਾਭਪਾਤਰੀ ਦੀ ਖੁਦ ਸਕਿਲ ਅਪਗ੍ਰੇਡੇਸ਼ਨ ਜਾਂ ਉਸਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨ ਵਾਸਤੇ ਨਾਮ ਸਬੰਧਤ ਸੰਸਥਾ ਨੂੰ ਭੇਜੇ ਜਾਣਗੇ ਤਾਂ ਜੋ ਸੰਸਥਾ ਟ੍ਰੇਨਿੰਗ ਕੋਰਸ/ਵੋਕੇਸ਼ਨਲ ਐਜੂਕੇਸ਼ਨ ਦੇਣ ਲਈ ਬੈਚ ਬਣਾਕੇ ਬੋਰਡ ਅਤੇ ਸਬੰਧਤ ਪ੍ਰਾਰਥੀ ਨੂੰ ਸੂਚਿਤ ਕਰ ਸਕੇ। ਕੋਰਸ ਤੇ ਆਉਂਣ ਵਾਲਾ ਖਰਚਾ ਬੋਰਡ ਦੁਆਰਾ ਸਬੰਧਤ ਸੰਸਥਾ ਵਲੋਂ ਬਿਲ ਪੇਸ਼ ਕਰਨ ਤੇ ਸਿੱਧਾ ਅਦਾ ਕੀਤਾ ਜਾਵੇਗਾ। ਜੇਕਰ ਉਮੀਦਵਾਰ ਸੰਸਥਾ ਦੇ ਹੋਸਟਲ ਵਿਚ ਰਿਹਾਇਸ਼ ਅਤੇ ਖਾਣ-ਪੀਣ ਦੀ ਸੁਵਿਧਾ ਲੈਂਦਾ ਹੈ, ਤਾਂ ਇਸ ਸਬੰਧੀ ਖਰਚਾ ਬੋਰਡ ਵਲੋਂ ਸਬੰਧਤ ਸੰਸਥਾ ਨਾਲ ਹੋਏ ਐਗਰੀਮੈਂਟ ਅਨੁਸਾਰ ਕੀਤਾ ਜਾਵੇਗਾ।

5. ਲਾਭਪਾਤਰੀ ਜਾਂ ਉਸਦੇ ਬੱਚਿਆਂ ਨੂੰ ਹੈਦਰਾਬਾਦ ਵਿਖੇ ਕੋਰਸ ਵਿਚ ਦਾਖਲਾ ਲੈਣ ਲਈ ਜਾਣ ਅਤੇ ਕੋਰਸ ਦੀ ਸਮਾਪਤੀ ਉਪਰੰਤ ਵਾਪਸ ਆਉਣ ਲਈ ਜਨਰਲ ਸ਼ਰੇਣੀ ਵਿਚ ਰੇਲਵੇ/ਬੱਸ ਵਿਚ ਯਾਤਰਾ-ਭਾੜਾ ਦੀ ਪ੍ਰਤਿਪੂਰਤੀ, ਉਸ ਵਲੋਂ ਬਿਨੈ-ਪੱਤਰ ਸਮੇਤ ਯਾਤਰਾ-ਟਿਕਟ ਪੇਸ਼ ਕਰਨ ਤੇ ਬੋਰਡ ਵਲੋਂ ਕੀਤੀ ਜਾਵੇਗੀ। ਲੇਕਿਨ ਲਾਭਪਾਤਰੀ ਜਾਂ ਉਸਦੇ ਬੱਚਿਆਂ ਨੂੰ ਪੰਜਾਬ ਰਾਜ ਵਿਚ ਅਜਿਹੀ ਟ੍ਰੇਨਿੰਗ/ਕੋਰਸ ਲਈ ਕਿਸੇ ਲਈ ਸੰਸਥਾ ਵਿਚ ਆਣ-ਜਾਣ ਦਾ ਕੋਈ ਖਰਚਾ ਨਹੀਂ ਦਿਤਾ ਜਾਵੇਗਾ।

6. ਇਸ ਸਕੀਮ ਅਧੀਨ ਲਾਭਪਾਤਰੀ ਜਾਂ ਉਸ ਦੇ ਬੱਚੇ ਪਹਿਲੀ ਵਾਰ **ਸਕਿਲ ਅਪਗ੍ਰੇਡੇਸ਼ਨ ਜਾਂ ਵੋਕੇਸ਼ਨਲ ਐਜੂਕੇਸ਼ਨ** ਦਾ ਕੋਰਸ ਕਰਨ ਉਪਰੰਤ, ਜੇਕਰ ਦੁਬਾਰਾ ਹੋਰ ਕਈ ਕੋਰਸ ਕਰਨ ਦੇ ਚਾਹਵਾਨ ਹੋਣ ਤਾਂ ਪੰਜ ਸਾਲ ਦੇ ਵਕਫੇ ਉਪਰੰਤ ਹੀ ਨਵਾਂ ਕੋਰਸ ਜੁਆਇਨ ਕਰ ਸਕਣਗੇ। ਸ਼ਰਤ ਇਹ ਵੀ ਹੈ ਕਿ ਜੇਕਰ ਲਾਭਪਾਤਰੀ ਜਾਂ ਉਸ ਦਾ ਬੱਚਾ ਪਹਿਲਾਂ ਜੁਆਇੰਨ ਕੀਤਾ ਟ੍ਰੇਨਿੰਗ/ਕੋਰਸ ਮੁਕਮੰਲ ਨਹੀਂ ਕਰਦਾ ਤਾਂ ਉਸਨੂੰ ਭਵਿੱਖ ਵਿਚ ਕਿਸੇ ਵੀ ਟ੍ਰੇਨਿੰਗ/ ਕੋਰਸ ਲਈ ਯੋਗ ਨਹੀਂ ਸਮਝਿਆ ਜਾਵੇਗਾ।
7. ਇਸ ਸਕੀਮ ਅਧੀਨ ਲਾਭ ਲੈਂਣ ਲਈ ਪ੍ਰਾਰਥੀ ਨੂੰ ਬਿਨੈ-ਪੱਤਰ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਅਤੇ ਕਿਰਤ ਇੰਸਪੈਕਟਰ ਗ੍ਰੇਡ-1 ਅਤੇ 2 ਦੇ ਦਫਤਰ ਵਿਚ ਦੇਣਾ ਪਵੇਗਾ।

8. ਪੰਜੀਕ੍ਰਿਤ ਉਸਾਰੀ ਕਿਰਤੀ ਦੇ ਬੱਚੇ ਕੰਸਟਰਕਸ਼ਨ ਖੇਤਰ ਦੇ ਕੰਮਾਂ ਤੋਂ ਇਲਾਵਾ, ਹੋਰ ਖੇਤਰਾਂ ਵਿਚ ਵੀ 'ਵੋਕੇਸ਼ਨਲ ਐਜੂਕੇਸ਼ਨ' ਪ੍ਰਾਪਤ ਕਰ ਸਕਣਗੇ।

**ਅਜੰਡਾ ਆਈਟਮ ਨੰ: 5** **ਫਾਜ਼ਿਲਕਾ ਵਿਖੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਕੰਮ ਸਬੰਧੀ ਸਟਾਫ ਦੀ ਤੈਨਾਤੀ ਬਾਰੇ।**

ਪੰਜਾਬ ਸਰਕਾਰ ਵਲੋਂ ਕਿਰਤ ਵਿਭਾਗ ਵਿਚ ਫਾਜ਼ਿਲਕਾ ਵਿਖੇ ਕਿਰਤ ਤੇ ਸੁਲਾਹ ਅਫਸਰ ਦੀ ਅਸਾਮੀ ਦੀ ਰਚਨਾ ਕੀਤੇ ਜਾਣ ਕਰਕੇ ਉਨ੍ਹਾਂ ਦੇ ਦਫਤਰ ਵਿਚ ਬੋਰਡ ਦੇ ਕੰਮਕਾਜ ਲਈ ਸਹਾਇਤਾ ਵਾਸਤੇ ਤਿੰਨ ਕੰਪਿਊਟਰ ਆਪਰੇਟਰ ਅਤੇ ਇੱਕ ਸੇਵਾਦਾਰ ਦੀ ਆਸਾਮੀ ਦੀ ਰਚਨਾ ਕਰਨ ਦੀ ਤਜਵੀਜ਼ ਨੂੰ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ। ਇਹ ਵੀ ਫੈਸਲਾ ਕੀਤਾ ਗਿਆ ਕਿ ਜਦੋ ਤੱਕ ਕਿਰਤ ਤੇ ਸੁਲਾਹ ਅਫਸਰ ਦੀ ਆਸਾਮੀ ਤੇ ਵਿਭਾਗ ਵਲੋਂ ਕਿਸੇ ਅਧਿਕਾਰੀ ਦੀ ਨਿਯੁਕਤੀ ਨਹੀਂ ਹੋ ਜਾਂਦੀ, ਉਦੋਂ ਤੱਕ ਉੱਥੇ ਨਿਯੁਕਤ ਕੀਤੇ ਜਾਣ ਵਾਲੇ ਤਿੰਨ ਕੰਪਿਊਟਰ ਆਪਰੇਟਰ ਅਤੇ ਇਕ ਸੇਵਾਦਾਰ ਕਿਰਤ ਇੰਸਪੈਕਟਰ ਗ੍ਰੇਡ-1 ਫਾਜ਼ਿਲਕਾ ਦੇ ਦਫਤਰ ਵਿਚ ਉਸ ਦੀ ਸੁਪਰਵਿਜ਼ਨ ਹੇਠ ਬੋਰਡ ਦਾ ਕੰਮ ਕਾਜ ਕਰਨਗੇ ਅਤੇ ਫਾਜ਼ਿਲਕਾ ਵਿਖੇ ਕਿਰਤ ਤੇ ਸੁਲਾਹ ਅਫਸਰ ਦੀ ਨਿਯੁਕਤੀ ਹੋਣ ਉਪਰੰਤ, ਇਹ ਸਟਾਫ ਆਪ ਮੁਹਾਰੇ ਉਨ੍ਹਾਂ ਨਾਲ ਤੈਨਾਤ ਸਮਝਿਆ ਜਾਵੇਗਾ। ਬੋਰਡ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਸਕੀਮਾਂ ਦਾ ਲਾਭ ਵੱਧ ਤੋ ਵੱਧ ਉਸਾਰੀ ਕਿਰਤੀਆਂ ਤੱਕ ਪਹੁੰਚਾਉਂਣ ਲਈ ਅਤੇ ਨਵੇਂ ਲਾਭਪਾਤਰੀ ਰਜਿਸਟਰ ਕਰਨ ਲਈ ਇਨ੍ਹਾਂ ਆਸਾਮੀਆਂ ਦੀ ਰਚਨਾ ਕਰਨ ਦੀ ਬਹੁਤ ਲੋੜ ਹੈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1** — **ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ 'ਐਨਕ (ਨਜਰ ਦੇ ਚਸ਼ਮੇ)', 'ਦੰਦ' ਅਤੇ 'ਸੁਣਨ-ਯੰਤਰ' ਲਗਵਾਉਣ ਲਈ 'ਵਿੱਤੀ ਸਹਾਇਤਾ' ਦੇਣ ਬਾਰੇ ਸਕੀਮ**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਪੰਜਾਬ ਰਾਜ ਵਿਚ ਅਪਣੇ ਰਜਿਸਟਰਡ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰ ਦੇ ਮੈਂਬਰਾਂ ਨੂੰ ਐਨਕਾਂ (ਨਜ਼ਰ ਦੇ ਚਸ਼ਮੇ), ਦੰਦ ਅਤੇ ਸੁਣਨ-ਯੰਤਰ ਲਗਵਾਉਣ ਵਾਸਤੇ ਹੇਠ ਲਿਖੀਆਂ ਦਰਾਂ ਮੁਤਾਬਕ ਵਿੱਤੀ ਸਹਾਇਤਾ (ਸਬਸਿਡੀ) ਦੇਣ ਬਾਰੇ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ:-

| ਲੜੀ ਨੰ: | ਵਸਤੂ ਦਾ ਨਾਂ | ਰਕਮ |
|---|---|---|
| 1. | ਐਨਕ (ਨਜ਼ਰ ਦੇ ਚਸ਼ਮੇ) | ਰੁ: 800/- |
| 2. | ਦੰਦਾਂ ਵਾਸਤੇ | ਰੁ: 5,000/- |
| 3. | ਸੁਣਨ-ਯੰਤਰ ਵਾਸਤੇ | ਰੁ: 6,000/- |

**ਸ਼ਰਤਾਂ**

1. ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।
2. ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।
3. ਜੇਕਰ ਲਾਭਪਾਤਰੀ ਨੇ ਇਸ ਸਕੀਮ ਅਧੀਨ ਸਹੂਲਤ ਅਪਣੇ ਪਰੀਵਾਰ ਦੇ ਕਿਸੇ ਮੈਂਬਰ ਲਈ ਲੈਣੀ ਹੋਵੇ ਤਾਂ ਅਜਿਹਾ ਮੈਂਬਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਰੂਲਜ਼ 2008 ਦੇ ਰੂਲ 2(t) ਵਿਚ ਦਰਜ 'ਫੈਮਿਲੀ' ਦੀ ਪਰੀਭਾਸ਼ਾ, ਜੋ ਹੇਠ ਪ੍ਰਕਾਰ ਹੈ, ਵਿਚ ਕਵਰ ਹੋਣਾਂ ਚਾਹੀਦਾ ਹੈ:-

   > **"(t) family means the husband or wife, minor sons (including major sons who are insane or physically handicapped and unable to earn), unmarried daughter and the parents of the building worker, who are solely dependant on him"**

4. ਇਸ ਸਕੀਮ ਅਧੀਨ ਵਸਤੂਆਂ ਲਈ ਵਿੱਤੀ ਸਹਾਇਤਾ ਸਰਕਾਰੀ ਮੈਡੀਕਲ ਅਫਸਰ/ਈ.ਐਸ.ਆਈ ਡਿਸਪੈਸਰੀ ਇੰਚਾਰਜ ਵਲੋਂ ਦਿਤੀ ਸਲਾਹ ਦੇ ਅਧਾਰ ਤੇ ਮਨਜੂਰ ਕੀਤੀ ਜਾਵੇਗੀ।
5. ਜੇਕਰ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰ ਨੂੰ ਉਕਤ ਵਸਤੂਆਂ ਦੀ ਖ੍ਰੀਦ ਲਈ ਕਿਸੇ ਹੋਰ ਮਹਿਕਮੇ/ਸੰਸਥਾ ਦੀ ਸਕੀਮ ਅਧੀਨ ਵਿਤੀ ਸਹਾਇਤਾ ਮਿਲ ਚੁੱਕੀ ਹੋਵੇ, ਤਾਂ ਉਸ ਨੂੰ ਇਸ ਸਕੀਮ ਅਧੀਨ ਲਾਭ ਨਹੀਂ ਦਿਤਾ ਜਾਵੇਗਾ।
6. ਇਸ ਸਕੀਮ ਅਧੀਨ ਲਾਭਪਾਤਰੀ ਜਾਂ ਉਸਦੇ ਪਰੀਵਾਰ ਦੇ ਮੈਂਬਰ ਨੂੰ ਲਾਭ ਕੇਵਲ ਇੱਕ ਵਾਰ ਹੀ ਦਿੱਤਾ ਜਾਵੇਗਾ।
7. ਲਾਭਪਾਤਰੀ ਨੂੰ ਇਹ ਰਕਮ ਉਸ ਵਲੋਂ ਕੀਤੇ ਗਏ ਅਸਲ ਖਰਚੇ ਜਾਂ ਵਿੱਤੀ ਸਹਾਇਤਾ ਦੀ ਰਕਮ ਜੋ ਵੀ ਘੱਟ ਹੋਵੇ ਅਨੁਸਾਰ ਉਸ ਵਲੋਂ ਪੇਸ਼ ਕੀਤੇ ਗਏ ਅਸਲ ਬਿਲਾਂ ਦੇ ਆਧਾਰ ਤੇ ਦਿੱਤੀ ਜਾਵੇਗੀ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 2** — **ਪੰਜੀਕ੍ਰਿਤ ਉਸਾਰੀ ਕਿਰਤੀ ਦੀ ਜਾਂ ਕਿਸੇ ਪ੍ਰੀਵਾਰਕ ਮੈਂਬਰ ਦੀ ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਉਸਦੇ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ ਭਲਾਈ ਸਕੀਮ।**

ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੌਤ ਜਾਂ ਉਸਦੇ ਪਰਿਵਾਰਕ ਮੈਂਬਰ ਦੀ ਮੌਤ ਹੋ ਜਾਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ 10,000/- ਰੁਪਏ ਦੀ ਰਕਮ **'ਵਿੱਤੀ ਸਹਾਇਤਾ'** ਦੇਣ ਬਾਰੇ ਹੇਠ ਲਿਖੀਆਂ ਨਿਰਧਾਰਤ ਸ਼ਰਤਾਂ ਨਾਲ ਪ੍ਰਵਾਨਗੀ ਦਿੱਤੀ ਗਈ :-

1. ਇਹ ਸਕੀਮ ਬੋਰਡ ਦੇ ਮੌਜੂਦਾ ਪੰਜੀਕ੍ਰਿਤ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰਾ ਲਈ ਲਾਗੂ ਹੋਵੇਗੀ। ਜੇਕਰ 60 ਸਾਲ ਦੀ ਉਮਰ ਪੂਰੀ ਹੋਂਣ ਜਾਂ ਕਿਸੇ ਹੋਰ ਕਾਰਣ ਉਸਦੀ ਮੈਂਬਰਸ਼ਿਪ ਸਮਾਪਤ ਹੋ ਜਾਂਦੀ ਹੈ, ਤਾਂ ਇਸ ਸਕੀਮ ਅਧੀਨ ਲਾਭ ਨਹੀਂ ਦਿੱਤਾ ਜਾਵੇਗਾ।

2. ਪੰਜੀਕ੍ਰਿਤ ਕਿਰਤੀ ਜਾਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (RECS) ਰੂਲਜ਼ 2008 ਦੇ ਰੂਲ 2 (t) ਵਿਚ 'ਫੈਮਲੀ' ਦੀ ਦਿੱਤੀ ਪਰਿਭਾਸ਼ਾ ਅਰਥਾਤ **" 'family' means husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him."** ਅਨੁਸਾਰ ਉਸਦੇ ਪ੍ਰੀਵਾਰ ਦੇ ਮੈਂਬਰ ਦੀ ਮੌਤ ਹੋਣ ਦੀ ਸੂਰਤ ਵਿਚ, ਉਸ ਵਲੋਂ ਜਾਂ ਉਸ ਵਲੋਂ ਨਾਮਜ਼ਦ ਕੀਤੇ ਜਾਂ ਉਸਦੇ ਆਸ਼ਰਿਤਾ ਵਲੋਂ ਅਜਿਹੀ ਮਦਦ ਲਈ ਇੱਕ ਬਿਨੈ-ਪੱਤਰ ਸਬੰਧਤ ਸਹਾਇਕ ਕਿਰਤ ਕਮਿਸ਼ਨਰ ਜਾਂ ਕਿਰਤ ਤੇ ਸੁਲਾਹ ਅਫਸਰ ਨੂੰ ਦਿੱਤਾ ਜਾਵੇਗਾ ਜਿਸ ਨਾਲ ਮ੍ਰਿਤਕ ਵਿਅਕਤੀ ਦੀ ਮੌਤ ਦਾ ਅਸਲ ਸਰਟੀਫਿਕੇਟ ਅਤੇ ਉਸਦੇ ਬੋਰਡ ਦਾ ਰੈਗੂਲਰ ਤੋਰ ਤੇ ਮੈਂਬਰ ਹੋਣ ਦਾ ਸਰਟੀਫਿਕੇਟ/ਸਬੂਤ ਲਗਾਇਆ ਹੋਵੇਗਾ।

3. ਲਾਭਪਾਤਰੀ ਅਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।

4. ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਪੈਸਿਆਂ ਦੀ ਮੰਗ ਬੋਰਡ ਦਫਤਰ ਤੋਂ ਕਰਕੇ ਸਬੰਧਤ ਅਧਿਕਾਰੀ ਬਿਨੈਕਾਰ ਨੂੰ ਅਦਾ ਕਰੇਗਾ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:3** — **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਧੀਨ ਮੌਜੂਦਾ ਦਰਾਂ ਅਤੇ ਸ਼ਰਤਾਂ ਵਿਚ ਸੋਧਾਂ ਬਾਰੇ**

ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਬੋਰਡ ਦੁਆਰਾ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਧੀਨ ਮੌਜੂਦਾ ਦਰਾਂ ਅਤੇ ਸ਼ਰਤਾਂ ਵਿਚ ਵਿਭਾਗੀ ਅਧਿਕਾਰੀਆਂ ਦੀ ਤਿੰਨ ਮੈਂਬਰੀ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਕੀਤੀਆਂ ਜਾਣ ਵਾਲੀਆਂ ਪ੍ਰਸਤਾਵਿਤ ਸੋਧਾਂ ਬਾਰੇ ਮੀਟਿੰਗ ਵਿਚ ਬੋਰਡ ਵਲੋਂ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵੱਖ-ਵੱਖ ਸਕੀਮਾਂ ਅਧੀਨ ਹੇਠ ਲਿਖੇ ਅਨੁਸਾਰ ਸੋਧਾਂ ਕਰਨ ਦੀ ਪ੍ਰਵਾਨਗੀ ਦਿਤੀ ਗਈ:-

<table>
<tr><th>ਮੌਜੂਦਾ ਸਕੀਮਾਂ ਅਧੀਨ ਦਰਾਂ ਅਤੇ ਸ਼ਰਤਾਂ</th><th>ਬੋਰਡ ਵਿਚ ਪ੍ਰਵਾਨ ਕੀਤੀਆਂ ਦਰਾਂ ਅਤੇ ਸ਼ਰਤਾਂ</th></tr>
<tr><td>1</td><td>2</td></tr>
<tr><td>1. ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜ਼ੀਫਾ ਸਕੀਮ।
<table>
<tr><th>ਲੜੀ ਨੰ:</th><th>ਕਲਾਸ</th><th>ਵਜੀਫੇ ਦੀ ਦਰ</th></tr>
<tr><td>1.</td><td>ਪਹਿਲੀ ਕਲਾਸ ਤੋਂ 5ਵੀਂ ਕਲਾਸ ਲਈ</td><td>₹ 150/- ਪ੍ਰਤੀ ਮਹੀਨਾ</td></tr>
<tr><td>2.</td><td>ਛੇਵੀਂ ਕਲਾਸ ਤੋਂ ਅਠਵੀਂ ਕਲਾਸ ਲਈ</td><td>₹ 200/- ਪ੍ਰਤੀ ਮਹੀਨਾ</td></tr>
<tr><td>3.</td><td>9ਵੀਂ, 10ਵੀਂ, +1 ਅਤੇ +2</td><td>₹ 3,000/- ਪ੍ਰਤੀ ਸਾਲ</td></tr>
<tr><td>4.</td><td>ਕਾਲਜ ਵਿਦਿਆਰਥੀ (ਹਰ ਤਰਾਂ ਦੀ ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ)</td><td>₹ 3,600/- ਪ੍ਰਤੀ ਸਾਲ</td></tr>
</table>
</td><td>1 ਪਹਿਲੀ ਤੋਂ ਪੰਜਵੀਂ ਕਲਾਸ ਲਈ = 2,000/- ਪ੍ਰਤੀ ਸਾਲ<br>2 ਛੇਵੀਂ ਤੋਂ ਅਠਵੀਂ ਕਲਾਸ ਲਈ = 3,000/- ਪ੍ਰਤੀ ਸਾਲ<br>3ਨੌਵੀਂ ਤੋਂ ਬਾਰਵੀਂ ਲਈ = 5,000/- ਪ੍ਰਤੀ ਸਾਲ<br>4 ਕਾਲਜ਼ ਵਿਦਿਆਰਥੀ (ਹਰ ਤਰ੍ਹਾਂ ਦੀ ਗ੍ਰੇਜੁਏਟ/ ਪੋਸਟਗ੍ਰੇਜੁਏਟ ਪੜਾਈ ਲਈ } 15,000/- ਪ੍ਰਤੀ ਸਾਲ (ਜੇਕਰ ਵਿਦਿਆਰਥੀ</td></tr>
</table>

<table>
<tr>
<td>
<table>
<tr><td>5.</td><td>ਆਈ.ਟੀ.ਆਈ./ ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ</td><td>₹ 3,600/- ਪ੍ਰਤੀ ਸਾਲ</td></tr>
<tr><td>6.</td><td>ਮੈਡੀਕਲ/ ਇੰਜੀਨਅਰਿੰਗ (ਹਰ ਤਰਾਂ ਦੀ ਮੈਡੀਕਲ/ਇੰਜੀਨੀਅਰਿੰਗ ਡਿਗਰੀ ਪੜਾਈ)</td><td>₹ 30,000/- ਪ੍ਰਤੀ ਸਾਲ</td></tr>
</table>
<br>
<u>ਸ਼ਰਤਾਂ:-</u><br>
<br>
1ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜ਼ੀਫਾ ਸਕੀਮ ਦਾ ਲਾਭ ਦਿੱਤਾ ਜਾਵੇਗਾ<br>
<br>
2. ਲਾਭਪਾਤਰੀ ਦਾ ਬੱਚਾ ਸੰਸਥਾ/ ਕਿਸੇ ਹੋਰ ਸਾਧਨ ਤੋਂ ਵਜੀਫਾ ਨਾ ਲੈ ਰਿਹਾ ਹੋਵੇ।<br>
<br>
3. ਲਾਭਪਾਤਰੀ ਤੇ ਪੂਰੇ ਤੌਰ ਤੇ ਨਿਰਭਰ ਉਸਦੇ ਭਰਾ/ ਭੈਣ/ ਪੋਤਾ/ ਪੋਤੀ ਨੂੰ ਵੀ ਪੜਾਈ ਲਈ ਵਜੀਫਾ ਦਿੱਤਾ ਜਾਵੇਗਾ।<br>
<br>
4.ਲਾਭਪਾਤਰੀ ਨੂੰ ਖੁੱਦ ਵੀ ਪ੍ਰਵਾਨਤ ਸੰਸਥਾ/ ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜ਼ੀਫਾ ਦਿੱਤਾ ਜਾਵੇਗਾ।<br>
<br>
5 ਪਿਛਲੀ ਕਲਾਸ ਵਿੱਚ ਫੇਲ ਹੋਏ ਜਾਂ ਕੰਪਾਰਟਮੈਂਟ ਵਰਗੇ ਕੇਸਾਂ ਵਿੱਚ ਵਜੀਫੇ ਮੰਨਜ਼ੂਰ ਨਹੀਂ ਕੀਤੇ ਜਾਣਗੇ।<br>
<br>
6. ਕਾਲਜ ਵਿਦਿਆਰਥੀਆਂ ਨੂੰ ਪਿਛਲੇ ਸਾਲ ਦੀ ਪ੍ਰੀਖਿਆ ਵਿੱਚ ਘੱਟੋ ਘੱਟ 45% ਅੰਕ ਲਏ ਹੋਣੇ ਚਾਹੀਦੇ ਹਨ।
</td>
<td>
5 ਅਤੇ ਆਈ.ਟੀ.ਆਈ/ ਪੋਲੀਟੈਕਨਿਕਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ ਲਈ ) — ਹੋਸਟਲ ਵਿੱਚ ਰਹਿੰਦਾਹੈ ਤਾਂ ਕੁੱਲ 30,000/- ਪ੍ਰਤੀ ਸਾਲ)<br>
<br>
6 ਹਰ ਤਰ੍ਹਾਂ ਦੀ ਮੈਡੀਕਲ/ ਇੰਜੀਨੀਅਰਿੰਗ ਡਿਗਰੀ ਦੀ ਪੜਾਈ ਲਈ — 30,000/- ਪ੍ਰਤੀ ਸਾਲ (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 50,000/- ਪ੍ਰਤੀ ਸਾਲ)<br>
<br>
<u>ਸ਼ਰਤਾਂ</u>:- ਬੋਰਡ ਵਲੋਂ ਵਜ਼ੀਫਾ ਸਕੀਮ ਅਧੀਨ ਮੋਜੂਦਾ ਸ਼ਰਤਾਂ ਵਿਚ ਸੋਧ ਕਰਕੇ ਹੇਠ ਲਿਖੇ ਅਨੁਸਾਰ ਸ਼ਰਤਾਂ ਨਿਸ਼ਚਿਤ ਕਰਨ ਦੀ ਤਜਵੀਜ ਪ੍ਰਵਾਨ ਕੀਤੀ ਗਈ:-<br>
<br>
1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜ਼ੀਫਾ ਸਕੀਮ ਦਾ ਲਾਭ ਦਿੱਤਾ ਜਾਵੇਗਾ।<br>
<br>
2.ਲਾਭਪਾਤਰੀ ਨੂੰ ਖੁੱਦ ਵੀ ਪ੍ਰਵਾਨਤ ਸੰਸਥਾ/ ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜ਼ੀਫਾ ਦਿੱਤਾ ਜਾਵੇਗਾ।<br>
<br>
3 ਪਿਛਲੀ ਕਲਾਸ ਵਿੱਚ ਫੇਲ ਹੋਏ ਕੇਸਾਂ ਵਿੱਚ ਵਜ਼ੀਫੇ ਮੰਨਜ਼ੂਰ ਨਹੀਂ ਕੀਤੇ ਜਾਣਗੇ।
</td>
</tr>
<tr>
<td>
2. ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਤੇ 11,000/- ਰੁਪਏ ਦੀ ਸ਼ਗਨ ਸਕੀਮ<br>
<br>
<u>ਸ਼ਰਤਾਂ:-</u><br>
<br>
1. ਕੇਵਲ ਇੱਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ ਵੀ।<br>
<br>
2. ਕਿਉਂ ਜੋ ਉਸਾਰੀ ਕਿਰਤੀ ਦੀ ਲੜਕੀ ਦੀ ਸ਼ਾਦੀ ਤੇ 'ਸ਼ਗਨ ਸਕੀਮ' ਅਤੇ 'ਸ਼ਾਦੀ ਲਈ ਵਿਆਜ ਰਹਿਤ ਕਰਜਾ ਸਕੀਮ' ਦੋਵੇਂ ਹੀ ਰਾਹਤ ਸਕੀਮਾਂ ਹਨ, ਇਸ ਲਈ ਕਰਜਾ ਸਕੀਮ ਅਧੀਨ ਲਾਭ ਉਠਾਉਣ ਵਾਲੇ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ 'ਸ਼ਗਨ ਸਕੀਮ' ਦਾ ਲਾਭ ਨਹੀਂ ਮਿਲੇਗਾ<br>
<br>
3. ਪੰਜੀਕ੍ਰਿਤ ਕਿਰਤੀ ਪੰਜਾਬ ਰਾਜ ਵਿੱਚ ਘੱਟੋ-ਘੱਟ ਪਿਛਲੇ ਤਿੰਨ ਸਾਲ ਤੋਂ ਉਸਾਰੀ ਕਾਮੇ ਦੇ ਤੋਰ ਤੇ ਕੰਮ ਕਰ ਰਿਹਾ ਹੋਵੇ
</td>
<td>
ਬੋਰਡ ਵਲੋਂ ਸ਼ਗਨ ਸਕੀਮ ਅਧੀਨ ਰਕਮ 21,000/- ਰੁਪਏ ਕਰਨ ਅਤੇ ਹੇਠ ਲਿਖੀਆਂ ਸ਼ਰਤਾਂ ਨਿਰਧਾਰਿਤ ਕਰਨ ਦੀ ਪ੍ਰਵਾਨਗੀ ਦਿਤੀ ਗਈ:-<br>
<br>
<u>ਸ਼ਰਤਾਂ:-</u><br>
<br>
1.ਕੇਵਲ ਦੋ ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ ਵੀ।<br>
<br>
2. ਬੋਰਡ ਵਲੋਂ ਕਰਜ਼ਾ ਸਕੀਮਾਂ ਬੰਦ ਕਰਨ ਬਾਰੇ ਫੈਸਲਾ ਲਏ ਜਾਣ ਕਰਕੇ ਇਸ ਸ਼ਰਤ ਦੀ ਹੁਣ ਲੋੜ ਨਹੀਂ।<br>
<br>
3. ਪੰਜੀਕ੍ਰਿਤ ਕਿਰਤੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਬਾਅਦ 15 ਦਿਨ ਦੇ ਅੰਦਰ-ਅੰਦਰ ਦਰਖਾਸਤ ਦੇ ਸਕਦਾ ਹੈ।ਸ਼ਾਦੀ ਦੇ ਸਬੂਤ ਵਿਚ ਸਰਪੰਚ ਜਾਂ ਕਿਸੇ ਲੋਕਲ ਅਥਾਰਟੀ ਵਲੋਂ ਦਿਤਾ ਸਰਟੀਫਿਕੇਟ ਦਰਖਾਸਤ ਦੇ ਨਾਲ ਲਗਾਉਂਣਾ ਜ਼ਰੂਰੀ ਹੋਵੇਗਾ।
</td>
</tr>
</table>

| | |
|---|---|
| ਅਤੇ ਲੜਕੀ ਦੀ ਸ਼ਾਦੀ ਆਪਣੇ ਪੰਜਾਬ ਦੇ ਮੌਜੂਦਾ ਰਿਹਾਇਸ਼ੀ ਪਤੇ ਤੇ ਕਰ ਰਿਹਾ ਹੋਵੇ ਜਿਸ ਬਾਰੇ ਰਿਹਾਇਸ਼ੀ ਸਬੂਤ ਪੇਸ਼ ਕਰਨਾ ਜ਼ਰੂਰੀ ਹੈ।<br><br>4. ਪੰਜੀਕ੍ਰਿਤ ਕਿਰਤੀ ਨੂੰ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਘੱਟੋ-ਘੱਟ 3 ਮਹੀਨੇ ਪਹਿਲਾਂ ਦਰਖਾਸਤ ਦੇਣੀ ਜਰੂਰੀ ਹੈ। ਦਰਖਾਸਤ ਨਾਲ ਸ਼ਾਦੀ ਦਾ ਕਾਰਡ ਵੀ ਹੋਣਾ ਚਾਹੀਦਾ ਹੈ। | **4. ਜੇਕਰ ਕਿਸੇ ਹੋਰ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਤੋਂ ਅਜਿਹਾ ਲਾਭ ਮਿਲ ਰਿਹਾ ਹੋਵੇ ਤਾਂ ਵੀ ਪੰਜੀਕ੍ਰਿਤ ਲਾਭਪਾਤਰੀ ਬੋਰਡ ਦੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।** |
| 3. **ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁੱਟੀ ਦੋਰਾਨ ਯਾਤਰਾ ਲਈ ਐਲ.ਟੀ.ਸੀ ਸੁਵਿਧਾ 2,000/- ਰੁਪਏ**<br><br>**<u>ਸ਼ਰਤਾਂ:-</u>**<br><br>1. ਉਸਾਰੀ ਕਿਰਤੀ ਕੇਵਲ ਦੂਜੇ ਰਾਜਾਂ ਵਿੱਚ (ਆਪਣੀ ਸਟੇਟ/ Hometown ਨੂੰ ਛੱਡ ਕੇ) ਧਾਰਮਿਕ/ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਲਈ ਐਲ.ਟੀ.ਸੀ. ਲਈ ਯੋਗ ਹੋਵੇਗਾ। ਦੁਬਾਰਾ 4 ਸਾਲ ਬਾਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।<br><br>2. ਐਲ.ਟੀ.ਸੀ. ਦੀ ਸਹੂਲਤ ਯਾਤਰਾ ਤੋਂ ਵਾਪਸ ਆਉਣ ਉਪਰੰਤ ਸਵੈ ਘੋਸ਼ਣਾ/ ਸਬੂਤ (Self declaration/ proof) ਪੇਸ਼ ਕਰਨ ਤੇ ਦਿੱਤੀ ਜਾਵੇਗੀ ਜਿਸ ਬਾਰੇ ਪੜਤਾਲੀਆ ਰਿਪੋਟ ਸਬੰਧਤ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਭੇਜਣ ਲਈ ਜਿੰਮੇਵਾਰ ਹੋਣਗੇ।<br><br>3. ਕਿਰਤੀ ਵੱਲੋਂ ਸਵੈ-ਘੋਸ਼ਣਾ ਵੀ ਦੇਣੀ ਹੋਵੇਗੀ ਕਿ ਉਹ ਯਾਤਰਾ ਆਪਣੇ ਜੋਖਮ ਤੇ ਕਰੇਗਾ ਅਤੇ ਅਣਸੁਖਾਵੀ ਘਟਨਾ ਵਾਪਰਨ ਤੇ ਬੋਰਡ ਤੋਂ ਕੋਈ ਕਲੇਮ ਨਹੀਂ ਕਰੇਗਾ। | **ਇਸ ਸਕੀਮ ਅਧੀਨ ਨਿਰਧਾਰਿਤ ਮੋਜੂਦਾ ਸ਼ਰਤ ਨੰ:2 ਨੂੰ ਬਦਲਕੇ ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਨਿਸ਼ਚਿਤ ਕਰਨ ਦੀ ਬੋਰਡ ਵਲੋ ਪ੍ਰਵਾਨਗੀ ਦਿਤੀ ਗਈ:-**<br><br>**<u>ਸ਼ਰਤਾਂ:-</u>**<br><br>**"2. ਐਲ.ਟੀ.ਸੀ. ਦੀ ਸਹੂਲਤ ਯਾਤਰਾ ਤੋਂ ਵਾਪਸ ਆਉਣ ਉਪਰੰਤ ਸਵੈ ਘੋਸ਼ਣਾ/ ਸਬੂਤ (Self declaration/ proof) ਪੇਸ਼ ਕਰਨ ਤੇ ਦਿਤੀ ਜਾਵੇਗੀ ਜਿਸ ਬਾਰੇ ਪੜਤਾਲੀਆ ਰਿਪੋਟ ਸਬੰਧਤ ਹਲਕੇ ਦੇ ਕਿਰਤ ਇੰਸਪੈਕਟਰ ਗ੍ਰੇਡ-1/ 2 ਅਪਣੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਨੂੰ ਭੇਜਣ ਲਈ ਜਿੰਮੇਵਾਰ ਹੋਣਗੇ"।** |
| 4. **(ੳ) ਪੰਜੀਕ੍ਰਿਤ ਲਾਭਪਾਤਰੀ ਦੀ (ਮੌਤ/ਪੂਰਣ ਅਪੰਗਤਾ ਦੀ ਸੂਰਤ ਵਿਚ ਐਕਸਗ੍ਰੇਸ਼ੀਆ ਸਕੀਮ 1,00,000 ਰੁਪਏ**<br><br>**<u>ਸ਼ਰਤਾਂ:</u>**<br><br>1. (ੳ) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਹੋਣ ਤੇ ਉਸਦੀ ਵਿਧਵਾ/ਆਸ਼ਰਿਤ ਨੂੰ ਇਹ ਰਕਮ ਐਕਸਗਰੇਸ਼ੀਆ ਵਜੋਂ ਦਿੱਤੀ ਜਾਵੇਗੀ।<br><br>(ਅ)ਲਾਭਪਾਤਰੀ ਦੇ ਪੂਰਨ ਤੋਰ ਤੇ ਅਪੰਗ ਹੋਣ ਦੀ ਸੂਰਤ ਵਿਚ ਵੀ ਉਸਨੂੰ ਇਹ ਰਕਮ ਐਕਸਗ੍ਰੇਸ਼ੀਆ ਦੇ | ਬੋਰਡ ਵਲੋਂ ਐਕਸਗ੍ਰੇਸ਼ੀਆ ਸਕੀਮ ਅਧੀਨ ਮੋਤ/ਪੂਰਣ ਅਪੰਗਤਾ ਵਜੋਂ 1 ਲੱਖ ਰੁਪਏ ਦੀ ਮੋਜੂਦਾ ਰਾਸ਼ੀ ਵਧਾ ਕੇ 2 ਲੱਖ ਰੁਪਏ ਕਰਨ ਸਬੰਧੀ ਕਮੇਟੀ ਦੀ ਸਿਫਾਰਸ਼ ਪ੍ਰਵਾਨ ਨਹੀ ਕੀਤੀ ਗਈ ਅਤੇ ਫੈਸਲਾ ਲਿਆ ਗਿਆ ਕਿ ਲਾਭਪਾਤਰੀ ਦੀ ਮੋਤ ਹੋਣ ਦੀ ਸੂਰਤ ਵਿਚ ਐਕਸਗ੍ਰੇਸ਼ੀਆਂ ਦੀ ਰਾਸ਼ੀ **ਇਕ ਲੱਖ** ਰੁਪਏ ਹੀ ਰੱਖੀ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਜੇਕਰ ਕਿਰਤੀ ਦੀ ਅਪੰਗਤਾ 40% ਤੋ ਵੱਧ ਜਾਂਦੀ ਹੈ ਤਾਂ ਅਜਿਹੀ ਸਥਿਤੀ ਵਿਚ ਉਸਨੂੰ ਪੂਰਣ ਅਪੰਗ ਮੰਨਦੇ ਹੋਏ ਐਕਸਗ੍ਰੇਸ਼ੀਆਂ ਸਕੀਮ ਅਧੀਨ 1 ਲੱਖ ਰੁਪਏ ਦਾ ਪੂਰਾ ਲਾਭ ਦਿਤਾ ਜਾਵੇ।<br><br><u>ਸ਼ਰਤਾਂ</u>:- **ਬੋਰਡ ਵਲੋਂ ਇਸ ਸਕੀਮ ਅਧੀਨ ਮੌਜੂਦਾ ਸ਼ਰਤਾਂ ਦੀ ਬਜਾਏ ਹੇਠ ਲਿਖੀਆਂ ਸ਼ਰਤਾਂ ਨਿਸ਼ਚਿਤ ਕਰਨ ਦੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ :-**<br><br>**ੳ) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਹੋਣ ਤੇ ਪੰਜਾਬ ਬੀ.ਓ.ਸੀ ਵਰਕਰਜ਼ ਰੂਲਜ਼ 2008 ਦੇ ਰੂਲ 2(t) ਵਿਚ 'ਫੈਮਲੀ' ਦੀ ਪਰੀਭਾਸ਼ਾ ਜੋ ਹੇਠ ਪ੍ਰਕਾਰ ਹੈ, ਵਿਚ ਦਸੇ ਪਰਿਵਾਰ ਦੇ ਮੈਂਬਰ ਇਹ ਰਕਮ 'ਐਕਸਗ੍ਰੇਸ਼ੀਆ' ਵਜੋਂ ਲੈਣ ਦੇ ਹੱਕਦਾਰ ਹੋਣਗੇ:-**<br><br>**"Family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him".**<br><br>**ਨੋਟ 1: ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਸਬੰਧੀ ਸਰਟੀਫਿਕੇਟ ਰਜਿਸਟ੍ਰਾਰ ਜਨਮ/ ਮੌਤ ਤੋਂ ਲੈਕੇ ਅਰਜੀ ਦੇ ਨਾਲ ਲਗਾਉਂਣਾ ਜਰੂਰੀ ਹੋਵੇਗਾ।** |

| | |
|---|---|
| ਤੌਰ ਤੇ ਦਿੱਤੀ ਜਾਵੇਗੀ। | **2. 40 ਪ੍ਰਤਿਸ਼ਤ ਜਾਂ ਇਸ ਤੋਂ ਉਪਰ ਪੂਰਣ-ਅਪੰਗਤਾ ਸਬੰਧੀ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈਕੇ ਅਰਜੀ ਦੇ ਨਾਲ ਲਗਾਉਣਾਂ ਜ਼ਰੂਰੀ ਹੋਵੇਗਾ।** |
| **(ਅ) ਪੰਜੀਕ੍ਰਿਤ ਲਾਭਪਾਤਰੀ ਦੀ ਆਂਸ਼ਕ ਅਪੰਗਤਾ ਵਜੋ ਐਕਸਗ੍ਰੇਸ਼ਿਆ ਸਕੀਮ 50,000 ਰੁਪਏ**<br><br>**ਸ਼ਰਤਾਂ:-**<br><br>(ੳ) ਪੰਜੀਕ੍ਰਿਤ ਲਾਭਪਾਤਰੀ ਦੇ ਆਂਸ਼ਕ ਅਪੰਗਤਾ ਹੋਣ ਦੀ ਸੂਰਤ ਵਿੱਚ ਐਕਸਗ੍ਰੇਸ਼ੀਆ ਰਕਮ ਮੰਜ਼ੂਰ ਕੀਤੀ ਜਾਵੇਗੀ।<br><br>(ਅ) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਫੋਟੋ ਕਾਪੀ ਦਰਖਾਸਤ ਨਾਲ ਲਗਾਉਣੀ ਜਰੂਰੀ ਹੈ। | ਬੋਰਡ ਵਲੋਂ ਪੰਜੀਕ੍ਰਿਤ ਲਾਭਪਾਤਰੀ ਦੀ 'ਆਂਸ਼ਕ ਅਪੰਗਤਾ' ਦੀ ਸੂਰਤ ਵਿਚ ਮੌਜੂਦਾ ਰਾਸ਼ੀ 50,000 ਰੁਪਏ ਨੂੰ ਵਧਾ ਕੇ 2 ਲੱਖ ਰੁਪਏ ਕਰਨ ਸਬੰਧੀ ਕਮੇਟੀ ਦੀ ਸਿਫਾਰਸ਼ ਪ੍ਰਵਾਨ ਨਹੀ ਕੀਤੀ ਗਈ ਅਤੇ ਫੈਸਲਾ ਲਿਆ ਗਿਆ ਕਿ ਲਾਭਪਾਤਰੀ ਦੀ 'ਆਂਸ਼ਕ ਅਪੰਗਤਾ' ਦੀ ਸੂਰਤ ਵਿਚ ਐਕਸਗ੍ਰੇਸ਼ੀਆਂ ਦੀ ਰਾਸ਼ੀ 50,000 ਰੁਪਏ ਹੀ ਰੱਖੀ ਜਾਵੇ। ਇਸ ਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਲਾਭਪਾਤਰੀ ਦੀ 'ਆਂਸ਼ਕ ਅਪੰਗਤਾ' ਪੰਜਾਬ ਮੰਡੀਕਰਣ ਬੋਰਡ ਦੁਆਰਾ ਹਾਦਸੇ ਦੇ ਕੇਸਾਂ ਵਿਚ ਦਿਤੀ ਜਾਣ ਵਾਲੀ ਰਾਸ਼ੀ ਸਬੰਧੀ ਅਪਨਾਈ ਜਾਣ ਵਾਲੀ ਹਦਾਇਤਾਂ/ ਨਾਰਮਜ਼ ਅਨੁਸਾਰ ਨਿਰਧਾਰਿਤ ਕੀਤੀ ਜਾਵੇ।<br><br>**ਸ਼ਰਤਾਂ:- ਬੋਰਡ ਵਲੋ ਇਸ ਸਕੀਮ ਅਧੀਨ ਮੌਜੂਦਾ ਸ਼ਰਤਾਂ ਦੀ ਬਜਾਏ ਹੇਠ ਲਿਖੀਆਂ ਸ਼ਰਤਾਂ ਪ੍ਰਵਾਨ ਕੀਤੀਆਂ ਗਈਆਂ ਹਨ:-**<br><br>**1. ਪੂਰਣ ਅਪੰਗਤਾ/ ਆਂਸ਼ਕ ਅਪੰਗਤਾ ਦਾ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈਕੇ ਅਰਜੀ ਦੇ ਨਾਲ ਲਗਾਉਂਣਾ ਜਰੂਰੀ ਹੋਵੇਗਾ।**<br><br>**2. ਜੇਕਰ ਲਾਭਪਾਤਰੀ 'ਈ.ਐਸ.ਆਈ' ਅਧੀਨ ਲਾਭ ਲੈ ਰਿਹਾ ਹੋਵੇ ਤਾਂ ਉਹ ਐਕਸਗ੍ਰੇਸ਼ੀਆਂ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਨਹੀ ਹੋਵੇਗਾ।** |
| **5. ਉਸਾਰੀ ਕੰਮਾਂ ਵਿੱਚ ਲਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਹੇਠ ਦੱਸੀਆਂ ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸਬੰਧੀ 1,00,000/- ਤੱਕ ਪ੍ਰਤੀਪੂਰਤੀ ਬਾਰੇ ਸਕੀਮ:-**<br><br>Occupational dermatitis, Occupational Cancer, Asbestosis, Silicosis, Lead poisoning including poisoning by occupational diseases in building and other construction work to be notified by any preparation or compound of lead or their sequel, Benzene poisoning, including poisoning by any of its homologues, their nitro or amino, derivatives or ites sequela, Occupational asthma, Pesticide poisoning, Toxic jaundice, Toxic anemia, Compressed air illness ( Caissons diseases), Noise induced hearing loss, Toxic nephritis, Cancer operation/treatment, Heart surgery and Kidney transplant<br><br>**ਸ਼ਰਤਾਂ:-**<br><br>1. ਉਸਾਰੀ ਕਿਰਤੀ-ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਬਤੌਰ 'ਲਾਭਪਾਤਰੀ' ਰਜਿਸਟਰ ਹੋਵੇ।<br><br>2. ਜੇਕਰ ਵਿਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ ਲੈਣੀ ਹੋਵੇ, ਤਾਂ ਅਜਿਹਾ ਆਸ਼ਰਿਤ ਲਾਭਪਾਤਰੀ ਉਸਾਰੀ ਕਿਰਤੀ ਦੇ ਪਰੀਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸਦੇ ਆਸ਼ਰਿਤ ਹੋਣ ਸਬੰਧੀ ਸਬੂਤ ਪੇਸ਼ ਕਰਨਾ ਪਵੇਗਾ। | ਬੋਰਡ ਵਲੋਂ ਇਸ ਸਕੀਮ ਅਧੀਨ ਕਮੇਟੀ ਦੁਆਰਾ ਮੌਜੂਦਾ 1 ਲੱਖ ਰੁਪਏ ਦੀ ਰਕਮ ਵਧਾਕੇ 2 ਲੱਖ ਰੁਪਏ ਕਰਨ ਦੀ ਸਿਫਾਰਸ਼ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਫੈਸਲਾ ਲਿਆ ਗਿਆ ਕਿ ਇਸ ਸਕੀਮ ਅਧੀਨ ਰਾਸ਼ੀ 1 ਲੱਖ ਰੁਪਏ ਹੀ ਰੱਖੀ ਜਾਵੇ।<br><br>**ਸ਼ਰਤਾਂ:- ਕਮੇਟੀ ਦੀ ਤਜਵੀਜ ਅਨੁਸਾਰ ਬੋਰਡ ਵਲੋ ਇਸ ਸਕੀਮ ਅਧੀਨ ਨਿਰਧਾਰਿਤ ਮੌਜੂਦਾ ਸ਼ਰਤ ਨੰ:3 ਨੂੰ ਬਦਲਕੇ ਹੇਠ ਲਿਖੇ ਅਨੁਸਾਰ ਨਿਸ਼ਚਿਤ ਕਰਨ ਦੀ ਪ੍ਰਵਾਨਗੀ ਦਿਤੀ ਗਈ:-** |

| | |
|---|---|
| 3. **ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਸੀ.ਐਮ.ਓ./ ਐਸ.ਐਮ.ਓ ਵੱਲੋਂ ਸਹੀ ਕਰਾਰ ਦਿੱਤਾ ਗਿਆ ਹੋਵੇ।**<br><br>**ਨੋਟ:- ਬੋਰਡ ਦੇ ਰਜਿਸਟਰਡ ਲਾਭਪਾਤਰੀ ਨੂੰ ਭਾਵੇਂ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾਂ ਤੋਂ ਕੋਈ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਸਨੂੰ ਬੋਰਡ ਦੀਆਂ ਸਕੀਮਾਂ ਦਾ ਪੂਰਾ ਲਾਭ ਦਿੱਤਾ ਜਾਵੇਗਾ।** | **"3.ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਸਿਵਲ ਸਰਜ਼ਨ ਵਲੋਂ ਤਸਦੀਕ ਕਰਕੇ ਸਹੀ ਕਰਾਰ ਦਿੱਤਾ ਗਿਆ ਹੋਵੇ"।**<br><br>**ਨੋਟ:- ਇਸ ਸਕੀਮ ਅਧੀਨ ਬਾਕੀ ਸ਼ਰਤਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।** |

ਬੋਰਡ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਵੱਖ-ਵੱਖ ਭਲਾਈ ਸਕੀਮਾਂ ਅਧੀਨ ਉਪਰੋਕਤ ਸੋਧੀਆਂ ਦਰਾਂ/ ਸ਼ਰਤਾਂ ਵਿਤੀ ਸਾਲ 2013-14 (ਅਰਥਾਤ ਮਿਤੀ 1.4.2013 ) ਤੋਂ ਲਾਗੂ ਹੋਣਗੀਆਂ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 4** **ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਸਕੀਮ ਅਤੇ ਹੋਰ ਸਕੀਮਾਂ/ਪ੍ਰੋਜੈਕਟਾਂ ਨੂੰ ਬਣਾਉਂਣ ਉਪਰੰਤ ਲਾਗੂ ਕਰਨ ਬਾਰੇ।**

ਇਸ ਆਈਟਮ ਤੇ ਵਿਚਾਰ ਵਟਾਂਦਰਾ ਕਰਦੇ ਹੋਏ ਬੋਰਡ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਉਂ ਜੋ ਮੁੱਖ ਅਜੰਡੇ ਦੀ ਆਈਟਮ ਨੰ: 4 ਅਨੁਸਾਰ 'ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਸਕੀਮ" ਦੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਜਾ ਚੁੱਕੀ ਹੈ, ਜਿਸ ਲਈ ਇਸ ਸਕੀਮ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ। ਬੋਰਡ ਵਲੋਂ ਮਹਿਸੂਸ ਕੀਤਾ ਗਿਆ ਕਿ ਉਸਾਰੀ ਕਿਰਤੀ ਜੋਕਿ ਅਸੰਗਠਿਤ ਖੇਤਰ ਦੇ ਮਜਦੂਰਾਂ ਦਾ ਇਕ ਵੱਡਾ ਹਿੱਸਾ ਹੈ, ਦੇ ਜੀਵਨ ਦਾ ਮਿਆਰ ਚੁੱਕਣ ਲਈ ਉਨ੍ਹਾਂ ਨੂੰ ਸਿੱਖਿਆ ਅਤੇ ਖਾਸ ਕਰਕੇ ਕਿੱਤਾ-ਮੁੱਖੀ ਸਿਖਲਾਈ ਦੁਆਉਂਣੀ ਬਹੁਤ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਦੇ ਹੁਨਰ ਵਿਚ ਵਾਧਾ ਹੋ ਸਕੇ ਅਤੇ ਉਨ੍ਹਾਂ ਦੀ ਆਮਦਨ ਦੇ ਵਾਧੇ ਦੀ ਸਮਰੱਥਾ ਵਿਚ ਇਜ਼ਾਫਾ ਹੋ ਸਕੇ। ਮਾਨਯੋਗ ਪ੍ਰਧਾਨ ਮੰਤਰੀ ਜੀ ਦੇ ਸਕਿਲ ਡਿਵੈਲਪਮੈਂਟ ਸਲਾਹਕਾਰ ਵਲੋਂ ਦਿੱਤੀ ਨਸੀਹਤ ਕਿ ਪੰਜਾਬ ਰਾਜ ਵਿਚ ਸੈਸ ਫੰਡ ਵਿਚੋ 85,000 ਉਸਾਰੀ ਕਿਰਤੀਆਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਕਿਲ ਡਿਵੈਲਪਮੈਂਟ ਟ੍ਰੇਨਿੰਗ ਦਿਤੀ ਜਾਵੇ, ਤਾਂ ਹੀ ਲਾਗੂ ਹੋ ਸਕਦੀ ਹੈ ਜੇਕਰ ਬੋਰਡ ਵਿਚ ਇੱਕ ਤਜਰਬੇਕਾਰ ਅਧਿਕਾਰੀ ਨੂੰ ਇਸ ਕੰਮ ਦੀ ਕਮਾਨ ਸੰਭਾਲੀ ਜਾਵੇ ਤਾਂ ਇਸ ਸਕੀਮ ਅਧੀਨ ਵੱਧ ਤੋਂ ਵੱਧ ਉਸਾਰੀ ਕਿਰਤੀਆਂ ਨੂੰ ਲਾਭ ਵੀ ਪਹੁੰਚਾਏ ਜਾ ਸਕਦੇ ਹਨ ਅਤੇ ਇਸ ਭਲਾਈ ਸਕੀਮ ਅਧੀਨ ਖਰਚੇ ਵੀ ਵਧੇਰੇ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਸਾਰੇ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

(ੳ) Vocational Education & Training of Registered Construction Workers and their Children" ਪ੍ਰਾਜੈਕਟ ਅਤੇ ਹੋਰ ਪ੍ਰਾਜੈਕਟਾਂ ਨੂੰ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਹਿੱਤ ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ ਵਿਚ Project Management Unit (PMU) ਸਥਾਪਤ ਕਰਨ ਦੀ ਪ੍ਰਵਾਨਗੀ ਦਿਤੀ ਗਈ।

(ਅ) ਇਹ Project Management Unit ਇਕ ਪ੍ਰਾਜੈਕਟ ਡਾਇਰੈਕਟਰ ਵਲੋਂ Head ਕੀਤਾ ਜਾਵੇਗਾ, ਜੋ ਕਿ ਸਕੱਤਰ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਰਿਪੋਰਟ ਕਰੇਗਾ। ਇਸ ਲਈ ਇਹ ਪ੍ਰੋਜੈਕਟ ਚਲਾਉਣ ਲਈ ਬੋਰਡ ਵਿਚ ਪ੍ਰੋਜੈਕਟ ਡਾਇਰੈਕਟਰ ਦੀ ਆਸਾਮੀ ਦੀ ਰਚਨਾ ਕਰਨ ਦੀ ਵੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ।

(ੲ) ਕਿਉਂਕਿ Vocational Education & Training ਦਾ ਪ੍ਰਾਜੈਕਟ ਬਣਾਉਣਾ ਅਤੇ ਉਸ ਨੂੰ ਲਾਗੂ ਕਰਦੇ ਹੋਏ ਸਕਿਲ ਟ੍ਰੇਨਿੰਗ ਦੇਣਾ ਇਕ Specialized ਟੈਕਨੀਕਲ ਕੰਮ ਹੈ, ਇਸ ਲਈ ਇੱਕ ਤਜਰਬੇਕਾਰ ਅਧਿਕਾਰੀ ਜਿਸ ਨੂੰ Skill Development and Vocational Training ਦੇ ਖੇਤਰ ਵਿੱਚ ਚੋਖਾ ਤਜਰਬਾ ਹੋਵੇ, ਨੂੰ ਬਤੌਰ ਪ੍ਰੋਜੈਕਟ ਡਾਇਰਕੈਟਰ ਤੈਨਾਤ ਕਰਨ ਦੀ ਜ਼ਰੂਰਤ ਹੈ।ਇਸ ਸਬੰਧ ਵਿਚ ਮਾਨਯੋਗ ਕਿਰਤ ਮੰਤਰੀ-ਕਮ-ਚੇਅਰਮੈਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ

ਵਰਕਰਜ਼ ਵੈਲਫੈਅਰ ਬੋਰਡ ਦੀ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਵਲੋਂ ਸ਼੍ਰੀ ਜਗਜੀਤ ਸਿੰਘ, ਸੰਯੁਕਤ ਡਾਇਰੈਕਟਰ ਨੂੰ ਬੋਰਡ ਵਿਚ ਡੈਪੂਟੇਸ਼ਨ ਤੇ ਭੇਜਣ ਲਈ ਜੋ ਹੁਕਮ ਜਾਰੀ ਕੀਤੇ ਗਏ ਹਨ, ਉਨ੍ਹਾਂ ਦੀ ਰੋਸ਼ਨੀ ਵਿਚ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਸ ਅਧਿਕਾਰੀ ਨੂੰ ਬੋਰਡ ਵਿਚ ਪ੍ਰੋਜੈਕਟ ਡਾਇਰੈਕਟਰ ਦੀ ਆਸਾਮੀ ਤੇ ਡੈਪੂਟੇਸ਼ਨ ਰਾਹੀਂ ਲੈ ਲਿਆ ਜਾਵੇ ਅਤੇ ਉਸ ਦੀਆਂ ਡੈਪੂਟੇਸ਼ਨ ਦੀਆਂ Terms and Conditions ਪੰਜਾਬ ਸਿਵਲ ਸਰਵਿਸਜ਼ ਰੂਲਜ਼ ਦੇ ਤਹਿਤ ਉਸਦੇ ਪਿਤਰੀ ਵਿਭਾਗ (ਤਕਨੀਕੀ ਸਿੱਖਿਆ ਵਿਭਾਗ) ਤੋਂ ਤਹਿ ਕਰਵਾ ਲਈਆਂ ਜਾਣ।

(ਸ) ਬੋਰਡ ਵਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਸ਼੍ਰੀ ਜਗਜੀਤ ਸਿੰਘ, ਸੰਯੁਕਤ ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ ਦੇ ਡੈਪੂਟੇਸ਼ਨ ਦਾ ਸਮਾਂ ਹਾਲ ਦੀ ਘੜੀ ਇਕ ਸਾਲ ਰੱਖਿਆ ਜਾਵੇ, ਜਿਸ ਵਿੱਚ ਸਮੇਂ ਸਮੇਂ ਤੇ ਬੋਰਡ ਅਤੇ ਪਿੱਤਰੀ ਵਿਭਾਗ ਦੀ ਆਪਸੀ ਸਹਿਮਤੀ ਅਨੁਸਾਰ ਵਾਧਾ ਕੀਤਾ ਜਾਵੇ। ਪ੍ਰੋਜੈਕਟ ਨੂੰ ਬਨਾਉਣ ਅਤੇ ਲਾਗੂ ਕਰਨ ਹਿੱਤ, ਅਧਿਕਾਰੀ ਨੂੰ ਡੈਪੂਟੇਸ਼ਨ ਤੇ ਲੈਣ ਸਬੰਧੀ ਤਕਨੀਕੀ ਸਿੱਖਿਆ ਵਿਭਾਗ ਨੂੰ ਸਕੱਤਰ ਬੋਰਡ ਵਲੋਂ ਮੰਗ ਪੱਤਰ ਭੇਜਦੇ ਹੋਏ ਅਧਿਕਾਰੀ ਨੂੰ ਰਲੀਵ ਕਰਕੇ ਭੇਜਣ ਹਿੱਤ ਲਿੱਖ ਦਿਤਾ ਜਾਵੇ।

(ਹ) "Vocational Education & Training of Registered Construction Workers and their children" ਪ੍ਰੋਜੈਕਟ ਨੂੰ Formulate ਕਰਨ ਅਤੇ ਉਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ Project Director ਦੀ ਹੋਵੇਗੀ। ਇਸ ਪ੍ਰੋਜੈਕਟ ਨੂੰ ਬਣਾਉਣ ਅਤੇ ਲਾਗੂ ਕਰਨ ਦੇ ਲਈ ਜੋ ਮਨੁੱਖ ਸੰਨਸਾਧਨ, Infrastructure ਅਤੇ ਬਾਕੀ ਹੋਰ ਸੰਸਾਧਨਾਂ ਦੀ ਜ਼ਰੂਰਤ ਹੋਵੇਗੀ, ਉਹ ਪ੍ਰੋਜੈਕਟ ਡਾਇਰੈਕਟਰ ਵਲੋਂ ਸਕੱਤਰ, ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਪੁੱਟ-ਅੱਪ ਕੀਤੀ ਜਾਵੇਗੀ। ਜੋ ਮਾਨਯੋਗ ਕਿਰਤ ਮੰਤਰੀ-ਕਮ-ਚੇਅਰਮੈਨ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਪ੍ਰਵਾਨਗੀ ਉਪਰੰਤ ਪ੍ਰੋਜੈਕਟ ਡਾਇਰੈਕਟਰ ਨੂੰ ਮੁਹੱਇਆ ਕਰਵਾਈ ਜਾਵੇਗੀ। ਪ੍ਰੋਜੈਕਟ ਦੇ ਫੈਸਲੇ ਰੁਟੀਨ ਵਿਚ ਸਕੱਤਰ, ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਰਾਹੀਂ ਮਾਨਯੋਗ ਕਿਰਤ ਮੰਤਰੀ-ਕਮ-ਚੇਅਰਮੈਨ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਤੋਂ ਪ੍ਰਵਾਨ ਕਰਵਾਏ ਜਾਣਗੇ, ਜੋ ਕਿ ਬਾਅਦ ਵਿੱਚ ਜ਼ਰੂਰਤ ਅਨੁਸਾਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀਆਂ ਮੀਟਿੰਗਾਂ ਵਿਚ ਰੈਟੀਫਾਈ ਕਰਵਾ ਲਏ ਜਾਣਗੇ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।